# ਵਰਿਆਮ

ਜੂਨ ੧੯੯੮

## ਐਸੋ ਸਹਾਈ ਹਰਿ ਕੋ ਨਾਮ

ਮਾਲੀ ਗਉੜਾ ਮਹਲਾ ੫

ਐਸੋ ਸਹਾਈ ਹਰਿ ਕੋ ਨਾਮ ॥
ਸਾਧ ਸੰਗਤਿ ਭਜੁ ਪੂਰਨ ਕਾਮ ॥੧॥ ਰਹਾਉ

ਬੂਡਤ ਕਉ ਜੈਸੇ ਬੇੜੀ ਮਿਲਤ ॥
ਬੂਝਤ ਦੀਪਕ ਮਿਲਤ ਤਿਲਤੁ ॥

ਜਲਤ ਅਗਨੀ ਮਿਲਤ ਨੀਰ ॥
ਜੈਸੇ ਬਾਰਿਕ ਮੁਖਹਿ ਖੀਰ ॥

ਜੈਸੇ ਰਣ ਮਹਿ ਸਖਾ ਭ੍ਰਾਤ ॥
ਜੈਸੇ ਭੂਖੇ ਭੋਜਨ ਮਾਤ ॥

ਜੈਸੇ ਕਿਰਖਹਿ ਬਰਸ ਮੇਘ ॥
ਜੈਸੇ ਪਾਲਨ ਸਰਨਿ ਸੇਂਘ ॥

ਗਰੁੜ ਮੁਖਿ ਨਹੀ ਸਰਪ ਤ੍ਰਾਸ ॥
ਸੂਆ ਪਿੰਜਰਿ ਨਹੀ ਖਾਇ ਬਿਲਾਸੂ ॥

ਜੈਸੋ ਆਂਡੋ ਹਿਰਦੇ ਮਾਹਿ ॥
ਜੈਸੋ ਦਾਨੋ ਚਕੀ ਦਰਾਹਿ ॥

ਬਹੁਤੁ ਓਪਮਾ ਥੋਰ ਕਹੀ ॥
ਹਹਿ ਅਗਮ ਅਗਮ ਅਗਾਧਿ ਤੁਹੀ ॥

ਊਚ ਮੂਚੌ ਬਹੁ ਅਪਾਰ ॥
ਸਿਮਰਤ ਨਾਨਕ ਤਰੇ ਸਾਰ ॥

Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਬਿਸਕੁਟਸ ਪ੍ਰਾ: ਲਿ:

ਹੈਦਰਾਬਾਦ

**AMBER BISCUITS Pvt. Ltd.**

SANTOSH NAGAR X ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ
ਜੂਨ—੧੯੯੮ ਜਿਲਦ ੧੩ ਅੰਕ : ੮
ਸੰਪਾਦਕ : ਜਗਦੀਸ਼ ਸਿੰਘ

# ਐਸੋ ਸਹਾਈ ਹਰਿ ਕੋ ਨਾਮ

ਵਰਿਆਮ ਦੇ ਮੁਖ ਪੰਨੇ ਤੇ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਪ੍ਰਕਾਸ਼ਤ ਅੰਕਿਤ ਹੈ। ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਹੈ। ਗੁਰੂ ਅਰਜਨ ਦੇਵ ਜੀ ਨੇ ਜੁਗਾ ਜੁਗਾਂਤਰਾਂ ਦੇ ਧਾਰਮਕ ਚਿੰਤਨ ਨੂੰ ਅਤੇ ਆਪਣੇ ਸਮੇਂ ਤਕ ਦੇ ਸਾਰੇ ਮਤ ਮਤਾਂਤਰਾਂ ਨੂੰ ਇਸ ਗ੍ਰੰਥ ਵਿਚ ਸਾਰ ਰੂਪ ਵਿਚ ਪੇਸ਼ ਕੀਤਾ। ਅਤੇ ਇਸੇ ਕਾਰਨ ਹੀ ਉਹਨਾਂ ਸ਼ਹੀਦੀ ਵੀ ਪਾਈ ਪਰ ਬਾਣੀ ਦੇ ਸੱਚ ਤੇ ਆਂਚ ਨਹੀਂ ਆਉਣ ਦਿਤੀ। ਉਸ ਮਹਾਨ ਗੁਰੂ ਜੀ ਦਾ ਸ਼ਬਦ ਮੁਖ ਪੰਨੇ ਤੇ ਦੇਣ ਦਾ ਕਾਰਨ ਹੈ। ਸਿਖ ਪ੍ਰਣਾਲੀ ਵਿਚ ਗੁਰੂ ਅਰਜਨ ਸ਼ਹੀਦਾਂ ਦੇ ਸਿਰਤਾਜ ਮੰਨੇ ਜਾਂਦੇ ਹਨ। ਉਹ ਮਹਾਨ ਚਿੰਤਕ ਗੁਰੂ, ਸੰਤ ਅਤੇ ਸ਼ਹੀਦ ਹੋਏ ਹਨ। ਸਿਖ ਸੰਗਠਨ ਨੂੰ ਉਹਨਾਂ ਇਕ ਨਵਾਂ ਰੂਪ ਦਿਤਾ। ਉਹਨਾਂ ਤਸੀਹੇ ਵੀ ਝਲੇ ਸੰਘਰਸ਼ ਵੀ ਕੀਤਾ ਅਤੇ ਆਪਣੇ ਮਨ ਦੀ ਗਲ ਨੂੰ ਪੂਰੇ ਬਚਨਾਂ ਦੁਆਰਾ ਪਰਗਟ ਕੀਤਾ ਅਤੇ ਕਹੀ ਗਲ ਨੂੰ ਆਂਪਣੇ ਕਰਮ ਰਾਹੀਂ ਅਮਲ ਵਿਚ ਲਿਆ ਕੇ ਸਿਖ ਸੰਸਾਰ ਵਾਸਤੇ ਹਰ ਪ੍ਰਕਾਰ ਦੇ ਪੂਰਨੇ ਪਾਏ।

ਇਸ ਵੇਲੇ ਜਦੋਂ ਗੁਰੂ ਅਰਜਨ ਦੇਵ ਜੀ ਦੇ ਸਾਜੇ ਦਰਬਾਰ ਸਾਹਿਬ ਪਰੀਸਰ ਵਿਚੋਂ ਅਕਾਲ ਤਖਤ ਦੇ ਮਲਬੇ ਵਿਚੋਂ ਨਿਤ ਮਨੁਖੀ ਪਿੰਜਰ ਨਿਕਲ ਰਹੇ ਹਨ। ਜਦੋਂ ਸਭ ਪਰਦੇ ਪਾੜ ਕੇ ਇਹ ਗਲ ਸਾਹਮਣੇ ਆ ਗਈ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਉਹ ਕੁਕਰਮ ਕੀਤੇ ਗਏ ਜੋ ਅਜ ਤਕ ਸਿਖਾਂ ਦੇ ਬਦ ਤੋਂ ਬਦ ਦੁਸ਼ਮਣ ਨੇ ਵੀ ਨਹੀਂ ਸਨ ਕੀਤੇ। ਗੁਰੂ ਨਾਨਕ ਅਨੁਸਾਰ ਮੂਤਰ ਨਾਲ ਕਪੜਾ ਪਲੀਤ ਹੋ ਜਾਂਦਾ ਹੈ। ਇਥੇ ਮੂਤਰ ਦੇ ਨਾਲ ਮਲ ਦੇ ਭਰੇ ਪੀਪਿਆਂ ਚੋਂ ਆਉਂਦੀ ਦੁਰਗੰਧ ਅਜੇ ਵੀ ਮਨ ਮੈਲਾ ਕਰ ਜਾਂਦੀ ਹੈ। ਹਰਿਮੰਦਰ ਨੂੰ ਇੰਨਾ ਪਲੀਤ ਕੀਤਾ ਗਿਆ ਕਿ ਸਾਬਣ ਵੀ ਬੇ-ਅਸਰ ਹੋ ਜਾਵੇ। ਜਦੋਂ ਗੁਰੂ ਅਰਜਨ ਦੇਵ ਜੀ ਦੇ ਨਾਮ ਲੇਵਿਆਂ ਦੀਆਂ ਸਾਰੀਆਂ ਸਿਆਸੀ ਜਥੇਬੰਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਮੁਖ ਗਰੰਥੀ ਅਤੇ ਸਿੰਘ ਸਾਹਿਬ ਅਤੇ ਜਥੇਦਾਰਾਂ, ਅਤੇ ਪੰਥਕ ਕਮੇਟੀਆਂ ਜਿਹੀਆਂ ਸਾਰੀਆਂ ਜ਼ਥੇਬੰਦੀਆਂ, ਅਦਾਰੇ, ਮਰਯਾਦਾ, ਮਾਨਤਾਵਾਂ ਭੰਗ ਹੋਈਆਂ ਪਈਆਂ ਹੋਣ, ਜਦੋਂ ਸਭ ਪਾਸੇ ਖਵਾਰੀ ਹੀ ਖਵਾਰੀ ਹੋਵੇ, ਜਦੋਂ ਸਿਖ ਅਤੇ ਦੇਸ਼ ਵਾਸੀ ਅਤਿ ਮੁਸ਼ਕਲ ਦੌਰ ਵਿਚੋਂ ਲੰਘ ਰਹੇ ਹੋਣ। ਹਿੰਸਾ ਨਫਰਤ ਅਤੇ ਖ਼ੂਨ ਨਾਲ ਪਲੀਤ ਹੋਏ ਵਾਤਾਵਰਣ ਅਤੇ ਹਨੇਰ ਗਰਦੀ ਵਿਚੋਂ ਰਸਤਾ ਵੇਖਣ ਵਾਸਤੇ ਤਾਂ ਗੁਰੂ ਅਰਜਨ ਵਲ ਵੇਖਣਾ ਬਣਦਾ ਹੀ ਹੈ।

ਗੁਰੂ ਅਰਜਨ ਤਾਂ ਇਸ ਬੀਮਾਰੀ ਦਾ ਇਲਾਜ 'ਨਾਮ ਅਉਖਧੁ' ਹੀ ਦਸਦੇ ਹਨ। ਉਹ ਤਾਂ ਇਹ ਹੀ ਫਰਮਾਉਂਦੇ ਹਨ ਤੱਤੀ ਵਾ ਵੀ ਨਹੀਂ ਲਗ ਸਕਦੀ। "ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥ ਲਾਗੂ ਹੋਇ ਦੁਸਮਨਾਂ, ਸਾਕਤਿ ਭਜਿ ਖਲੇ॥ ਸਭੋ ਭਜੈ ਆਸਰਾ, ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ, ਲਗੈ ਨਾ ਤਤੀ ਵਾਉ" ਮੁਖ ਪੰਨੇ ਵਾਲੇ ਸ਼ਬਦ ਵਿਚ ਵੀ ਗੁਰੂ ਅਰਜਨ ਦੇਵ ਜੀ ਦਸਦੇ ਹਨ ਕਿ ਜਿਵੇਂ ਡੁਬਦੇ ਨੂੰ ਬੇੜੀ ਦਾ ਸਹਾਰਾ ਹੈ, ਬੁਝਦੇ ਦੀਵੇ ਨੂੰ ਤੇਲ ਮੁੜ ਕਾਇਮ ਕਰ ਦਿੰਦਾ ਹੈ, ਜਲ ਨੂੰ ਅਗਨੀ ਸ਼ਾਂਤ ਕਰਦੀ ਹੈ। ਜਿਵੇਂ ਬੱਚੇ ਨੂੰ ਦੁੱਧ ਦਾ ਆਸਰਾ ਹੈ, ਜਿਵੇਂ ਰਣ ਖੇਤਰ ਵਿਚ ਸਕੇ ਭਰਾ ਦੀ ਮਦਦ ਹੁੰਦੀ ਹੈ, ਜਿਵੇਂ ਭੁੱਖੇ ਵਾਸਤੇ ਭੋਜਨ ਜੀਵਨ ਹੈ, ਜਿਵੇਂ ਖੇਤੀ ਨੂੰ ਬਾਰਸ਼ ਜ਼ਤ ਹੁੰਦੀ ਹੈ ਜਿਵੇਂ ਸ਼ੇਰ ਦੀ ਸ਼ਰਨ ਵਿਚ ਡਰ ਨਹੀਂ, ਜਿਵੇਂ ਗਰੜ ਦੇ ਮੂੰਹ ਵਿਚ ਸੱਪ ਦਾ ਡਰ ਨਹੀਂ। ਜਿਵੇਂ ਚੱਕੀ ਦੀ ਕਿਲੀ ਵਿਚ ਦਾਣੇ ਬਚੇ ਰਹਿੰਦੇ ਹਨ ਇਵੇ ਹੀ ਹਰਿ ਦਾ ਨਾਮ ਸਹਾਇਤਾ ਕਰਦਾ ਹੈ।

ਜਦੋਂ ਸਾਰੇ ਆਸਰੇ ਚੁਕ ਗਏ ਤਾਂ ਕਿਉਂ ਨਾ ਉਸ ਨਾਮ ਦਾ ਆਸਰਾ ਲਿਆ ਜਾਵੇ। ਸਗਲੇ ਰੋਗ ਬਿਕਾਰਨ ਵਾਲੇ ਹਰਿ ਹਰਿ ਨਾਮ ਦੇ ਦਾਰੂ ਦੀ ਵਰਤੋਂ ਕੀਤੀ ਜਾਵੇ।

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ। 'ਜੇ ਕਪੜਾ ਮੂਤ ਨਾਲ ਪਲੀਤ ਹੋ ਜਾਵੇ ਤਾਂ ਉਹ ਸਾਬਣ ਨਾਲ ਧੋਤਾ ਜਾਦਾ ਹੈ ਪਰ ਜਦੋਂ ਮਤਿ ਪਾਪਾਂ ਨਾਲ ਭਰ ਕੇ ਗੰਦੀ ਹੋ ਜਾਵੇ ਤਾਂ ਉਹ ਨਾਮ ਦੇ ਨਾਲ ਧੋਤੀ ਜਾਂਦੀ ਹੈ।

ਐਸੋ ਸਹਾਈ ਹਰਿ ਕੋ ਨਾਮ

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਸਿਗਰਟ ਨੋਸ਼ਾਂ ਵਾਸਤੇ ਵਖਰੀ ਥਾਂ

ਇੰਡੀਅਨ ਏਅਰਲਾਈਨਜ਼ ਦੇ ਜਹਾਜ਼ਾਂ ਦੀ ਜਿਹੜੀ ਉਡਾਣ ਇਕ ਘੰਟੇ ਤੋਂ ਘਟ ਸਮੇਂ ਦੀ ਹੋਵੇਗੀ ਉਸ ਵਿਚ ਸਿਗਰਟ ਤੰਬਾਕੂ ਪੀਣ ਦੀ ਬਿਲਕੁਲ ਮਨਾਹੀ ਹੋਵੇਗੀ। ਨਵੀਂ ਦਿੱਲੀ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਏਅਰਲਾਈਨਜ ਦੇ ਚੇਅਰਮੈਨ ਰਾਹੁਲ ਬਜਾਜ ਨੇ ਇਹ ਗੱਲ ਦੱਸੀ ਹੈ। ਬਜਾਜ ਅਨੁਸਾਰ ਕੰਪਨੀ ਦੀਆਂ ਬਾਕੀ ਉਡਾਣਾਂ ਵਾਸਤੇ ਵੀ ਸੌ ਚੋਂ ਸੱਠ ਸੀਟਾਂ ਦੇ ਹਿਸਾਬ ਨਾਲ ਸਿਗਰਟ ਪੀਣ ਦੀ ਮਨਾਹੀ ਹੋਵੇਗੀ।

ਪਿਛੇ ਜਿਹੇ ਇਹ ਵੀ ਖਬਰ ਆਈ ਸੀ ਕਿ ਭਾਰਤ ਵਿਚ ਕੁਝ ਰੇਲ ਗੱਡੀਆਂ (ਵਿਸ਼ੇਸ਼ ਕਰਕੇ ਦੱਖਣੀ ਭਾਰਤ ਵਿਚ) ਅਜਿਹੀਆਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਸਿਗਰਟ ਪੀਣ ਵਾਲਿਆਂ ਲਈ ਵਖਰੀਆਂ ਅਤੇ ਪਰਹੇਜ਼ਗਾਰਾਂ ਵਾਸਤੇ ਵਖਰੀਆਂ ਬੋਗੀਆਂ ਹੋਣਗੀਆਂ।

ਦੇਰ ਆਇਦ ਦਰੁਸਤ ਆਇਦ ਦੇ ਕਥਨ ਅਨੁਸਾਰ ਅਸੀਂ ਸਮਝਦੇ ਹਾਂ ਕਿ ਭਾਰਤ ਸਰਕਾਰ ਦਾ ਇਹ ਦੇਰੀ ਨਾਲ ਕੀਤਾ ਗਿਆ ਠੀਕ ਫੈਸਲਾ ਹੈ। ਅੱਜ ਸਮੁਚੀ ਦੁਨੀਆ ਵਿਚ ਵਿਗਿਆਨਕਾਂ ਨੇ ਸਿੱਧ ਕਰ ਦਿਤਾ ਹੈ ਕਿ ਤੰਬਾਕੂ ਨੋਸ਼ੀ ਸਿਹਤ ਵਾਸਤੇ ਬਹੁਤ ਹਾਨੀਕਾਰਕ ਹੈ ਅਤੇ ਬਹੁਤ ਮਾਰੂ ਰੋਗ ਪੈਦਾ ਕਰਦੀ ਹੈ। ਇਸ ਤੋਂ ਇਲਾਵਾ ਇਸ ਦਾ ਧੂਆਂ ਉਹਨਾਂ ਨੂੰ ਵੀ ਨਹੀਂ ਬਖਸ਼ਦਾ ਜੋ ਇਸ ਨੂੰ ਹੱਥ ਤੱਕ ਨਹੀਂ ਲਾਉਂਦੇ। (ਜੇ ਧੂਆਂ ਅੰਦਰ ਦਾ ਅੰਦਰ ਰੱਖ ਲੈਣ ਤਾਂ ਗੱਲ ਵਖਰੀ ਹੈ)। ਦੁਨੀਆਂ ਦੀਆਂ ਸਭ ਪਰਮੁਖ ਹਵਾਈ ਕੰਪਨੀਆਂ ਦੇ ਜਹਾਜ਼ਾਂ ਵਿਚ ਸਿਗਰਟ ਪੀਣ ਵਾਲਿਆਂ ਵਾਸਤੇ ਵਖਰੀਆਂ ਰਾਖੀਆਂ ਥਾਵਾਂ ਹਨ! ਇਵੇਂ ਹੀ ਇੰਗਲੈਂਡ ਵਰਗੇ ਹੋਰ ਦੇਸ਼ਾਂ ਵਿਚ ਵੀ ਸਿਗਰਟ ਪੀਣ ਵਾਲਿਆਂ ਦੇ ਵਖਰੇ ਡੱਬੇ ਹਨ। ਪੀਣ ਵਾਲਿਆਂ ਦੇ ਡੱਬੇ ਵਿਚ ਕੋਈ ਕਿਸੇ ਨੂੰ ਰੋਕਦਾ ਨਹੀਂ ਅਤੇ ਪਰਹੇਜ਼ਗਾਰਾਂ ਦੇ ਪਾਸੇ ਵੱਡੇ ਵੱਡੇ ਨਿਸ਼ਾਨ ਮਨਾਹੀ ਦੇ ਲਗੇ ਹਨ। ਉਥੇ ਕੋਈ ਪੀਣ ਦੀ ਹਿੰਮਤ ਨਹੀਂ ਕਰਦਾ।ਅਤੇ ਹੌਲੀ ਹੌਲੀ ਪਰਹੇਜ਼ਗਾਰਾਂ ਦੇ ਡੱਬੇ ਵਧਾਏ ਜਾ ਰਹੇ ਹਨ। ਅਸੀਂ ਰੂਸ ਯਾਤਰਾ ਵਿਚ ਦੇਖਿਆ ਹੈ ਕਿ ਉਥੇ ਵੀ ਸਿਗਰਟ ਨੋਸ਼ੀ ਤੇ ਪਾਬੰਦੀ ਸਖਤੀ ਨਾਲ ਕੀਤੀ ਜਾਂਦੀ ਹੈ। ਇਹਨਾਂ ਸਾਰੇ ਦੇਸ਼ਾਂ ਵਿਚ ਉਹ ਤੰਬਾਕੂ ਨੋਸ਼ੀ ਦਾ ਸਬੰਧ ਧਰਮ ਨਾਲ ਨਹੀਂ ਸਿਹਤ ਅਤੇ ਪਰਿਆਵਰਣ ਨਾਲ ਜੋੜਦੇ ਹਨ। ਵਾਤਾਵਰਨ ਵਿਚ ਜਿੰਨਾ ਗੰਦ ਸਿਗਰਟ ਦਾ ਧੂਆਂ ਪਾਉਂਦਾ ਹੈ ਸ਼ਾਇਦ ਹੋਰ ਕੋਈ ਚੀਜ਼ ਨਹੀਂ ਪਾਉਂਦੀ। ਇਹ ਸਮੁਚੇ ਦੇਸ਼ ਦਾ ਨੁਕਸਾਨ ਕਰਦਾ ਹੈ। ਸਾਨੂੰ ਤਸੱਲੀ ਹੈ ਕਿ ਆਖਰ ਭਾਰਤ ਸਰਕਾਰ ਵੀ ਆਪਣੇ ਫਰਜ਼ ਨੂੰ ਪਛਾਣਦੀ ਹੋਈ ਇਸ ਪਾਸੇ ਤੁਰੀ ਹੈ।

ਨਾਮਧਾਰੀ ਦਰਬਾਰ ਨੇ ਇਸ ਸਬੰਧ ਵਿਚ ਇਕ ਅਹਿਮ ਮਤਾ ਪਾਸ ਕਰਕੇ ਹਿੰਦ ਸਰਕਾਰ ਨੂੰ ਭੇਜਿਆ ਸੀ। ਉਸ ਵਿਚ ਰੇਲਵੇ ਐਕਟ ਦਾ ਹਵਾਲਾ ਵੀ ਦਿਤਾ ਸੀ ਅਤੇ ਪੀਣ ਵਾਲਿਆਂ ਦੇ ਰੇਲ ਡੱਬੇ ਅਲਗ ਕਰਨ ਦੀ ਮੰਗ ਕੀਤੀ ਸੀ।

ਅਸੀਂ ਸਮਝਦੇ ਹਾਂ ਕਿ ਇਸ ਫੈਸਲੇ ਨੂੰ ਕੁਲ ਰੇਲ ਗੱਡੀਆਂ, ਬੱਸਾਂ ਅਤੇ ਹਵਾਈ ਸਫਰ ਵਾਸਤੇ ਲਾਗੂ ਕਰਨਾ ਚਾਹੀਦਾ ਹੈ। ਲਾਗੂ ਵੀ ਤਨੋਂ ਮਨੋਂ ਕਰਨਾ ਚਾਹੀਦਾ ਹੈ ਜ਼ਬਾਨੀ ਜਮਾਂ ਖਰਚ ਨਹੀਂ ਕਰਨਾ ਚਾਹੀਦਾ ਹੈ।ਸਰਕਾਰ ਜਾਣਦੀ ਹੋਈ ਕਿ ਸਿਗਰਟ ਪੀਣਾ ਸਿਹਤ ਵਾਸਤੇ ਬਹੁਤ ਹਾਨੀਕਾਰਕ ਹੈ ਰੋਕ ਨਹੀਂ ਸਕੀ। ਜੇ ਕੁਝ ਕੀਤਾ ਤਾਂ ਇਹ ਕਿ ਸਿਗਰਟ ਦੀ ਇਸ਼ਤਿਹਾਰਬਾਜ਼ੀ ਦੇ ਨਾਲ ਨਾਲ ਡੱਬੀਆਂ ਅਤੇ ਹੋਰ ਥਾਵਾਂ ਤੇ ਬਾਰੀਕ ਜਿਹੇ ਅੱਖਰਾਂ ਵਿਚ ਲਿਖ ਦਿਤਾ ਕਿ "ਸਿਗਰਟ ਪੀਣਾ ਸਿਹਤ ਵਾਸਤੇ ਹਾਨੀਕਾਰਕ ਹੈ।"

ਪਰ ਸਰਕਾਰੀ ਆਦੇਸ਼ ਅਨੁਸਾਰ ਬਾਰੀਕ ਅੱਖਰਾਂ ਵਿਚ ਲਿਖੀ ਇਸ ਵਾਰਨਿੰਗ ਦੇ ਮੁਕਾਬਲੇ ਤੇ ਅਖਬਾਰਾਂ,ਸਿਨਮੇ ਅਤੇ ਟੀ.ਵੀ. ਦੇ ਇਸ਼ਤਿਹਾਰਾਂ ਵਿਚ ਦਰਸਾਇਆ ਇਹ ਜਾਂਦਾ ਹੈ ਕਿ ਸਿਗਰਟ ਪੀਣ ਵਾਲਾ ਸ਼ੇਰ ਦਾ ਮੁਕਾਬਲਾ ਕਰਦਾ ਹੈ, ਜਾਂ ਬਾਜ਼ ਹੈ ਬਹੁਤ ਮਿਹਨਤੀ ਅਤੇ ਤਰੱਕੀ ਕਰਨ ਵਾਲਾ ਆਦਮੀ ਹੈ। ਉਹ ਬਹੁਤ ਰਿਸ਼ਟ ਪੁਸ਼ਟ ਸਰੀਰ ਦਾ ਸਵਾਮੀ ਅਤੇ ਖੂਬਸੂਰਤ ਦਿਖ ਵਾਲਾ ਬੰਦਾ ਹੈ ਜੋ ਦੂਸਰਿਆਂ ਨੂੰ ਅਪਣੇ ਵਲ ਆਕਰਸ਼ਤ ਕਰਦਾ ਹੈ। ਇਹ ਸਾਰੀ ਖਤਰੇ ਦੀ ਵਾਰਨਿੰਗ ਤੇ ਪੋਚਾ ਫੇਰਨ ਵਾਲੀ ਗੱਲ ਨਹੀਂ ਤਾਂ ਹੋਰ ਕੀ ਇਸ ਚਿਤਾਵਨੀ ਦੇ ਲਿਖਣ ਦਾ ਅਰਥ ਹੀ ਕੀ ਰਹਿ ਜਾਂਦਾ ਹੈ।

ਜੇ ਸਰਕਾਰ ਨੇ ਜਾਂ ਅਰਧ-ਸਰਕਾਰੀ ਕੰਪਨੀਆਂ ਨੇ ਹੁਣ ਵਖਰੇ ਵਖਰੇ ਸਥਾਨਾਂ ਦੇ ਫੈਸਲੇ ਕੀਤੇ ਹਨ ਤਾਂ ਉਹਨਾਂ ਨੂੰ ਕੇਵਲ 'ਤਜਰਬੇ ਦੇ ਤੌਰ ਤੇ' ਵਾਲੀ ਸ਼ਬਦੀ ਹੇਰਾਫੇਰੀ ਵਿਚ ਨਹੀਂ ਪੈਣਾ ਚਾਹੀਦਾ। ਤਜਰਬੇ ਲਾਂਭੇ ਕਰਕੇ ਪੂਰੀ ਸ਼ਿਦਤ ਨਾਲ ਅਤੇ ਪੂਰੇ ਦੇਸ਼ ਵਿਚ ਵਿਆਪਕ ਰੂਪ ਵਿਚ ਇਹ ਗੱਲ ਲਾਗੂ ਹੋਣੀ ਚਾਹੀਦੀ ਹੈ। ਸਿਗਰਟ ਨੋਸ਼ਾਂ ਲਈ ਵਖਰੇ ਡੱਬੇ ਹੋਣ ਤੇ ਹੌਲੀ ਹੌਲੀ ਖਤਮ ਕੀਤੇ ਜਾਣ। ਇਸ ਨੂੰ ਬਿਲਕੁਲ ਧਰਮ ਨਾਲ ਨਾ ਜੋੜਿਆ ਜਾਵੇ। ਇਸ ਪ੍ਰੋਗਰਾਮ ਨੂੰ ਜੇ ਈਮਾਨਦਾਰੀ ਨਾਲ ਲਾਗੂ ਕੀਤਾ ਗਿਆ ਤਾਂ ਬਹੁਤ ਸੱਚੇ ਤੇ ਸੁੱਚੇ ਸਿੱਟੇ ਨਿਕਲਣਗੇ। ×



Sri Satguru Jagjit Singh Ji eLibrary NamdhariElibrary@gmail.com

# ਮਾਸਕੋ ਸਿਖਰ ਵਾਰਤਾ

—ਸਤਨਾਮ ਚਾਨਾ

ਪ੍ਰਧਾਨ ਰੀਗਨ ਅਤੇ ਸੋਵੀਅਤ ਆਗੂ ਗੋਰਬਾਚੇਵ ਦੀ ਮਾਸਕੋ ਮਿਲਣੀ ਨੂੰ ਸਾਰੇ ਸੰਸਾਰ ਵਿਚ ਸਲਾਹਿਆ ਗਿਆ ਹੈ। ਇਸ ਵਾਰਤਾ ਤੋਂ ਪਹਿਲਾਂ ਹੀ ਸਾਰੀ ਦੁਨੀਆਂ ਵਿਚ ਇਸ ਬਾਰੇ ਕਾਫੀ ਚਰਚਾ ਸੀ ਅਤੇ ਕਾਫੀ ਆਸ ਲਗੀ ਹੋਈ ਸੀ। ਸੰਸਾਰ ਵਿਚ ਅਮਨ ਬਰਕਰਾਰ ਰਖਣ ਦੀਆਂ ਕੋਸ਼ਿਸ਼ਾਂ ਵਿਚ ਇਹ ਗਿਣਤੀ ਇਕ ਅਹਿਮ ਕਦਮ ਹੈ ਜਿਸ ਦੀ ਮਹੱਤਤਾ ਤੋਂ ਅੱਖਾਂ ਨਹੀਂ ਫੇਰੀਆਂ ਜਾ ਸਕਦੀਆਂ।

ਭਾਵੇਂ ਕਿ ਇਸ ਵਾਰਤਾ ਵਿਚੋਂ ਨਿਕਲੇ ਨਤੀਜਿਆਂ ਨੂੰ ਜੀ ਆਇਆਂ ਆਖਿਆ ਗਿਆ ਹੈ ਤਾਂ ਵੀ ਜੋ ਕੁਝ ਆਸ ਕੀਤੀ ਗਈ ਸੀ ਉਹ ਪੂਰੀ ਨਹੀਂ ਹੋਈ। ਇਹ ਮੀਟਿੰਗ ਅਮਰੀਕਾ ਅਤੇ ਰੂਸ ਦਰਮਿਆਨ ਪ੍ਰਮਾਣੂ ਮਿਸਾਇਲਾਂ ਦੇ ਖਾਤਮੇ ਬਾਰੇ ਸਹਿਮਤੀ ਦੀ ਤਾਈਦ ਕਰਕੇ ਉਠ ਗਈ ਹੈ। ਪ੍ਰਮਾਣੂ ਮਿਸਾਇਲ ਇਕ ਭਿਆਨਕ ਅਤੇ ਸਰਵ-ਨਾਸ਼ਕ ਹਥਿਆਰ ਹੈ। ਦੁਨੀਆਂ ਵਿਚੋਂ ਇਸ ਦਾ ਖਾਤਮਾ ਹੋ ਜਾਣਾ ਮਨੁਖਤਾ ਨੂੰ ਠੰਢਾ ਸਾਹ ਲੈਣ ਦੀ ਫੁਰਸਤ ਬਖਸ਼ੇਗਾ। ਤਾਂ ਵੀ ਦੂਸਰੇ ਹਥਿਆਰ ਏਨੇ ਕੁ ਭਿਆਨਕ ਹਨ ਕਿ ਦੁਨੀਆਂ ਦਾ ਸਰਵਨਾਸ਼ ਕਰਨ ਦੇ ਸਮਰਥ ਹੋ ਸਕਦੇ ਹਨ ਜਿਨ੍ਹਾਂ ਵਿਚ ਪੁਲਾੜ ਦਾ ਜੰਗੀਕਰਨ ਕਰਨਾ ਵੀ ਸ਼ਾਮਲ ਹੈ ਅਤੇ ਧਰਤੀ ਉਤੇ ਮੌਜੂਦ "ਸਟਰੈਟਜਿਕ' ਹਥਿਆਰਾਂ ਦੀ ਮੌਜੂਦਗੀ ਹੈ ਜਿਨ੍ਹਾਂ ਕਾਰਨ ਜੰਗੀ ਤਣਾਓ ਢਿੱਲਾ ਨਹੀਂ ਪੈਂਦਾ।

ਸੋਵੀਅਤ ਨੇਤਾ ਗੋਰਬਾਚੇਵ ਨੇ ਮਾਸਕੋ ਵਾਰਤਾ ਨੂੰ "ਹੱਥੋਂ ਖੁੰਝ ਗਿਆ ਮੌਕਾ" ਕਰਾਰ ਦਿੱਤਾ ਹੈ। ਉਮੀਦ ਕੀਤੀ ਗਈ ਸੀ ਕਿ ਜਿਵੇਂ ਪ੍ਰਧਾਨ ਰੀਗਨ ਅਤੇ ਗੋਰਬਾਚੇਵ ਪ੍ਰਮਾਣੂ ਮਿਸਾਇਲਾਂ ਦੇ ਖਾਤਮੇ ਬਾਰੇ ਸਹਿਮਤ ਹੋ ਗਏ ਸਨ ਇੰਝ ਹੀ ਮਾਸਕੋ ਮੀਟਿੰਗ ਸਮੇਂ ਉਹ ਸਟਰੈਟਜਿਕ ਹਥਿਆਰਾਂ ਨੂੰ ੫੦ ਫੀਸਦੀ ਘਟਾ ਦੇਣ ਉਤੇ ਦਸਤਖਤ ਕਰਨਗੇ ਅਤੇ ਦੁਨੀਆਂ ਵਿਚ ਖਾਸ ਕਰਕੇ ਯੋਰਪ ਵਿਚ ਨਸਾਂ ਤੋੜ ਦੇਣ ਵਾਲੇ ਤਣਾਓ ਤੋਂ ਕਾਫੀ ਸ਼ਾਤੀ ਮਿਲੇਗੀ। ਪ੍ਰੰਤੂ ਮਾਸਕੋ ਵਿਚ ਇਹ ਨਹੀਂ ਹੋਇਆ।

ਆਪਣੇ ਆਪ ਵਿਚ ਘਟਨਾ ਨੂੰ ਇੱਕਲਿਆਂ ਕਰਕੇ ਦੇਖਿਆਂ ਅਵੱਛ ਲਗਦਾ ਹੈ ਕਿ ਪ੍ਰਮਾਣੂ ਮਿਸਾਇਲਾਂ ਦਾ ਖਾਤਮਾ ਇਕ ਅਤਿਅੰਤ ਮਹੱਤਵਪੂਰਨ ਘਟਨਾ ਹੋਵੇਗੀ। ਪ੍ਰੰਤੂ ਉਸ ਸੰਦਰਭ ਵਿਚ ਜਦੋਂ ਪੁਲਾੜ ਦਾ ਜੰਗੀਕਰਨ ਤੇਜ਼ ਹੁੰਦਾ ਹੈ ਤਾਂ ਮਿਸਾਇਲਾਂ ਦੇ ਖਾਤਮੇ ਦੀ ਮਹੱਤਤਾ ਸੁਕੜ ਜਾਂਦੀ ਹੈ। ਕਿਸੇ ਵੀ ਆਦਮੀ ਨੂੰ ਬੰਦੂਕ ਤੋਂ ਮਹਿਰੂਮ ਕਰ ਦੇਣਾ ਦੂਜੇ ਦੇ ਜੀਵਨ ਨੂੰ ਸੁਰਖਿਅਤ ਕਰਦਾ ਹੈ ਪ੍ਰੰਤੂ ਇਸ ਕਰਕੇ ਮਹਿਰੂਮ ਕਰ ਦੇਣਾ ਕਿ ਹੁਣ ਉਸ ਕੋਲ ਏ ਕੇ—੪੭ ਆ ਗਈ ਹੈ ਬੰਦੂਕ ਖਤਮ ਕਰਨੀ, ਜੀਵਨ ਪ੍ਰਦਾਨ ਨਹੀਂ ਕਰਦੀ। ਏਸੇ ਕਰਕੇ ਅਸੀਂ ਏਨਾ ਕੁ ਸ਼ੁਕਰ ਕਰਦੇ ਹਾਂ ਕਿ ਬੰਦੂਕ ਤਾਂ ਗਈ।

ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਦਰਦ ਨਾਲ ਕਰਾਹ ਰਹੀ ਲੋਕਾਈ ਲਈ ਪ੍ਰਮਾਣੂ ਹਥਿਆਰਾਂ ਦਾ ਖਾਤਮਾ ਇਕ ਡਰੌਣੇ ਸੁਪਨੇ ਦੇ ਟੁੱਟਣ ਵਰਗਾ ਹੋਵੇਗਾ। ਪ੍ਰੰਤੂ ਜਿਥੋਂ ਤਕ ਸਮੁੱਚੇ ਤੌਰ ਤੇ ਹਥਿਆਰ ਘਟਾਈ ਦੇ ਮਸਲੇ ਦਾ ਸੰਬੰਧ ਹੈ ਇਹ ਲਿਖੀ ਜਾਣ ਵਾਲੀ ਕਿਤਾਬ ਦੀ ਕੇਵਲ "ਇਕ ਸਤਰ" ਹੀ ਹੈ। ਕੁਝ ਵੀ ਨਾ ਹੋਣ ਨਾਲੋਂ ਕੁਝ ਕੁ ਹੋਣਾ ਕਿਤੇ ਚੰਗਾ ਹੈ। ਏਸੇ ਕਰਕੇ ਗੋਰਬਾਚੇਵ ਦਾ ਬਿਆਨ ਮਾਸਕੋ ਵਾਰਤਾ ਦੇ ਨਤੀਜਿਆਂ ਨੂੰ ਸੰਖਿਪਤ ਕਰਕੇ ਪੇਸ਼ ਕਰ ਦਿੰਦਾ ਹੈ। "ਪ੍ਰਮਾਣੂ ਹਥਿਆਰਾਂ ਰਹਿਤ ਸੰਸਾਰ ਦੀ ਪਹਿਲੀ ਸਤਰ ਕਿਤਾਬ ਵਿਚ ਲਿਖੀ ਜਾ ਚੁਕੀ ਹੈ। ਮੇਰਾ ਨਹੀਂ ਖਿਆਲ ਕਿ ਕੋਈ ਵੀ ਇਸ ਨੂੰ ਬੰਦ ਕਰਕੇ ਪਾਸੇ ਰਖ ਸਕਦਾ ਹੈ।"

ਦੋ ਧਿਰਾਂ ਵਿਚਕਾਰ ਇਕ ਦੇ ਚੰਗੇ ਇਰਾਦੇ ਬਹੁਤੇ ਚੰਗੇ ਨਤੀਜੇ ਨਹੀਂ ਕਢਦੇ। ਕਿਉਂਕਿ ਬੁਰੇ ਇਰਾਦੇ ਨਾਲ ਕੀਤਾ ਗਿਆ ਸਮਝੌਤਾ ਅਮਲ ਵਿਚ ਨਹੀਂ ਆਉਂਦਾ।

ਜਿਹੜੀ ਸਭ ਤੋਂ ਵਧੇਰੇ ਧਿਆਨ ਦੇਣ ਯੋਗ ਅਤੇ ਵਧੇਰੇ ਮਹੱਤਵਪੂਰਨ ਗਲ ਮਾਸਕੋ ਵਾਰਤਾ ਦੀ ਹੈ ਉਸ ਨੂੰ ਵਧੇਰੇ ਬਰੀਕੀ ਨਾਲ ਦੇਖਿਆ ਜਾਣਾ ਚਾਹੀਦਾ ਹੈ। ਰੂਸ ਅਤੇ ਅਮਰੀਕਾ ਇਸ ਗਲ ਉਤੇ ਸਹਿਮਤ ਹਨ ਕਿ ਦੋਹਾਂ ਨੂੰ ਜੰਗ ਨਹੀਂ ਲੜਨੀ ਚਾਹੀਦੀ। ਕਿਉਂਕਿ ਜੰਗ ਜਿੱਤੀ ਨਹੀਂ ਜਾ ਸਕਦੀ ਕਿਉਂਕਿ ਇਸ ਦਾ ਨਤੀਜਾ ਸਰਬਨਾਸ਼ ਹੋਵੇਗਾ ਅਤੇ ਲੜਨ ਅਤੇ ਨਾ ਲੜਨ ਵਾਲੇ ਸਾਰੇ ਹਾਰ ਜਾਣਗੇ। ਪ੍ਰੰਤੂ ਰੂਸੀਆਂ ਵਲੋਂ ਸਾਰਾ ਜੋਰ ਲਾਉਣ ਦੇ ਬਾਵਜੂਦ ਅਤੇ ਬਾਰ ਬਾਰ ਜ਼ੋਰ ਲਾਉਣ ਦੇ ਬਾਵਜੂਦ ਰੀਗਨ ਨੇ ਪੁਰਅਮਨ-ਸਹਿਹੋਂਦ ਦਾ ਸ਼ਬਦ ਸਹਿਮਤੀ ਦੀ ਦਸਤਾਵੇਜ਼ ਵਿਚ ਨਹੀਂ ਪੈਣ ਦਿਤਾ। ਪੁਰਅਮਨ-ਸਹਿਹੋਂਦ ਜਿਸ ਦਾ ਸਿਧਾ ਸਾਦਾ ਅਰਥ ਹੈ—ਜੀਓ ਅਤੇ ਜੀਊਣ ਦਿਓ। ਇਹ ਹੈ ਅਸਲ ਵਿਚ ਬੁਰਾ ਇਰਾਦਾ ਜੋ ਸਿਆਸੀ ਬੇਈਮਾਨੀ ਦਾ ਲਾਡਲਾ ਬੱਚ ਹੈ।

ਰੀਗਨ ਰੂਸੀਆਂ ਨੂੰ ਇਹ ਕਹਿਣਾ ਚਾਹੁੰਦਾ ਹੈ ਕਿ ਮੈਂ ਤੇਰੇ ਨਾਲ ਜੰਗ ਲੜਨ ਦੇ ਹੱਕ ਵਿਚ ਨਹੀਂ ਪਰ ਮੈਂ ਤੈਨੂੰ ਜੀਊਣ ਨਹੀਂ ਦੇਣਾ। ਇਹ ਸਾਬਤ ਕਰਦਾ ਹੈ ਕਿ ਰੀਗਨ ਨੇ ਉਪਰੋਕਤ ਸਮਝੌਤਾ ਬਹੁਪੱਖੀ ਦਬਾਅ ਹੇਠ ਕੀਤਾ ਹੈ ਅਤੇ ਜਿਸ ਗਲ ਤੇ ਸਹਿਮਤੀ ਪ੍ਰਗਟ ਨਹੀਂ ਕੀਤੀ ਉਹ ਵੀ ਜੰਗਬਾਜ਼ ਤਾਕਤਾਂ ਦੇ ਦਬਾਅ ਹੇਠ ਹੀ ਹੋਇਆ ਹੈ।

ਜੰਗ ਲਾਉਣੀ, ਜੰਗ ਕਰਾਉਣੀ ਅਤੇ ਜੰਗ



Sri Satguru Jagjit Singh Ji eLibrary NamdhariElibrary@gmail.com

ਭੜਕਾਉਣੀ ਸਾਮਰਾਜ ਦੀ ਜਮਾਤੀ-ਆਦਤ ਹੈ। ਇਸ ਦੇ ਉਲਟ ਅਮਨ ਸਮਾਜਵਾਦ ਦਾ ਬੁਨਿਆਦੀ ਅਸੂਲ। ਦੋ ਵਖਰੇ ਵਖਰੇ ਮਹੌਲ ਹਨ ਜਿਨ੍ਹਾਂ ਵਿਚ ਦੋਵੇਂ ਵਖਰੇ ਵਖਰੇ ਸਮਾਜੀ-ਪ੍ਰਬੰਧ ਵਧਦੇ ਫੁਲਦੇ। ਸਾਮਰਾਜੀ ਤਾਕਤਾਂ ਜੰਗੀ ਹਥਿਆਰਾਂ ਦੇ ਮੁਨਾਫਿਆਂ ਤੇ ਪਲਦੀਆਂ ਹਨ ਅਤੇ ਸਮਾਜਵਾਦ ਅਮਨ ਵਿਚ ਹੀ ਤਰੱਕੀ ਕਰਦਾ ਹੈ।

ਇਹੋ ਕਾਰਨ ਹੈ ਕਿ ਕੇਵਲ ਸਮਾਜਵਾਦੀ ਭਾਈਚਾਰੇ ਦੀ ਹੋਂਦ ਸਦਕਾ ਹੀ ਹੈ ਕਿ ਦੂਜੇ ਸੰਸਾਰ ਜੰਗ ਉਪਰੰਤ ਯੋਰਪ ਵਿਚ ਕੋਈ ਜੰਗ ਨਹੀਂ ਲੱਗੀ। ਨਹੀਂ ਤਾਂ ਹੁਣ ਤਕ ਯੋਰਪੀ ਦੇਸ ਸੈਂਕੜੇ ਵਾਰ ਲੜ ਚੁਕੇ ਹੁੰਦੇ ਜਿਵੇਂ ਕਿ ਉਨ੍ਹਾ ਦਾ ਪੁਰਾਣਾ ਇਤਿਹਾਸ ਦਸਦਾ ਹੈ।

ਦੁਨੀਆਂ ਵਿਚ ਤਾਕਤਾਂ ਦਾ ਤੋਲ ਬਦਲ ਗਿਆ ਹੈ। ਰੀਗਨ ਗੋਰਬਾਚੋਵ ਸਮਝੌਤਾ ਇਸ ਗਲ ਦਾ ਸਬੂਤ ਹੈ ਕਿ ਸੰਸਾਰ ਵਿਚ ਅਮਨ ਰਖਣ ਵਾਲੀਆਂ ਤਾਕਤਾਂ ਜੰਗਬਾਜ ਤਾਕਤਾਂ ਨਾਲੋਂ ਵਧੇਰੇ ਤਕੜੀਆਂ ਹੋ ਗਈਆਂ ਹਨ। ਸਮਾਜਵਾਦੀ ਪ੍ਰਬੰਧ ਅਤੇ ਸੰਸਾਰ ਅਮਨ ਲਹਿਰ ਦੀ ਏਕਤਾ ਅਤੇ ਵਿਸ਼ਾਲਤਾ ਨੇ ਰੀਗਨ ਨੂੰ ਆਪਣੇ ਇਰਾਦਿਆਂ ਵਿਰੁਧ ਸਮਝੌਤੇ ਉਤੇ ਦਸਤਖਤ ਕਰਨ ਲਈ ਮਜਬੂਰ ਕਰ ਦਿਤਾ ਹੈ। ਇਹ ਸਮਝੌਤਾ ਸਾਮਰਾਜ ਦੀ ਖੁਸ਼ੀ ਦਾ ਹਿੱਸਾ ਨਹੀਂ।

ਰੀਗਨ ਜਿੰਨੀ ਦੇਰ ਮਾਸਕੋ ਵਿਚ ਰਿਹਾ ਉਸ ਨੇ ਕੋਈ ਮੌਕਾ ਨਹੀਂ ਖੁੰਝਾਇਆ ਜਦੋਂ ਉਸ ਨੇ ਰੂਸ ਦੇ ਪ੍ਰਬੰਧ ਨੂੰ ਬਦਨਾਮ ਨਾ ਕੀਤਾ ਹੋਵੇ। ਮਨੁੱਖੀ ਅਧਿਕਾਰਾਂ ਦੇ ਮਸਲੇ ਨੂੰ ਲੈ ਕੇ ਰੀਗਨ ਉਨ੍ਹਾ ਲੋਕਾਂ ਨੂੰ ਮਿਲਿਆ ਜਿਹੜੇ ਰੂਸੀ ਸੰਵਿਧਾਨ ਦੀਆਂ ਨਜ਼ਰਾਂ ਵਿਚ ਦੋਸ਼ੀ ਸਨ ਜਾਂ ਸਜ਼ਾ ਜਾਬਤਾ ਸਨ। ਜਿਸ ਦਾ ਬੜਾ ਪ੍ਰਚਾਰ ਕੀਤਾ ਗਿਆ। ×

# ਅਪੋਂਦੀ ਦਾ ਸੁਫ਼ਨਾ

ਇਕ ਵਾਰ ਅਪੋਂਦੀ ਨੂੰ ਸੁਫ਼ਨਾ ਆਖਿਆ ਕਿ ਉਹਦਾ ਇਕ ਵੱਡਾ ਸਾਰਾ ਛੈਲ-ਛਬੀਲਾ ਕੁੱਕੜ ਹੈ ਅਤੇ ਕੋਈ ਆਦਮੀ ਉਹਨੂੰ ਖਰੀਦਣਾ ਚਾਹੁੰਦਾ ਹੈ। ਅਪੋਂਦੀ ਨੇ ਕਿਹਾ, "ਜੇ ਤੂੰ ਢੇਰ ਸਾਰੇ ਪੈਸੇ ਦੇਵੇ ਤਾਂ ਕੁੱਕੜ ਤੇਰਾ।"

"ਤੂੰ ਕਿੰਨੇ ਪੈਸੇ ਮੰਗਦੈਂ ?"

"ਸੋਨੇ ਦੀਆਂ ਵੀਹ ਮੁਹਰਾਂ।"

ਖਰੀਦਣ ਵਾਲੇ ਨੇ ਪਹਿਲਾਂ ਸੱਤ ਮੁਹਰਾਂ ਦੇਣ ਲਈ ਕਿਹਾ, ਫੇਰ ਅੱਠਾਂ ਲਈ ਕਿਹਾ ਅਤੇ ਅੰਤ ਵਿਚ ਨੌਂ ਮੁਹਰਾਂ ਦੇਣੀਆਂ ਮੰਨ ਗਿਆ ਪਰ ਅਪੋਂਦੀ ਆਪਣੀ ਗੱਲ ਉਤੇ ਅੜਿਆ ਰਿਹਾ।

ਏਨੇ ਵਿਚ ਹੀ ਉਹਦੀ ਅੱਖ ਖੁਲ੍ਹ ਗਈ। ਉਹਨੇ ਵੇਖਿਆ, ਨਾ ਉਥੇ ਕੋਈ ਕੁੱਕੜ ਸੀ ਅਤੇ ਨਾ ਹੀ ਕੋਈ ਖਰੀਦਣ ਵਾਲਾ ਸੀ।

ਅਪੋਂਦੀ ਨੇ ਅੱਖਾਂ ਫੇਰ ਮੀਟ ਲਈਆਂ। "ਚੰਗਾ, ਤੈਨੂੰ ਨੌਂ ਮੁਹਰਾਂ ਵਿਚ ਹੀ ਕੱਕੜ ਦਿਤਾ", ਉਹਨੇ ਕਿਹਾ ਅਤੇ ਆਪਣਾ ਹੱਥ ਫੈਲਾ ਦਿਤਾ।

## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ,, ,, | | ੧੦੦.੦੦ ,, |
| ਪੰਜ ,, ,, | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੌਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.
ਫੋਨ : ੭੭੩੫੬ ਪੀ.ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 71204 PP
77356 PP


## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


ਵਰਿਆਮ ਵਿਚ ਛੱਪੇ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀਅਤ

—ਤਰਲੋਕ ਮਨਸੂਰ

ਗਰਮੀਆਂ ਦੇ ਦਿਨ ਸਨ। ਦਿਨ ਡੁੱਬ ਚੁੱਕਾ ਸੀ। ਰਾਤ ਹੌਲੀ ਹੌਲੀ ਆਪਣੀ ਕਾਲੀ ਸ਼ਾਲ ਧਰਤੀ ਦੀ ਦੇਹ ਦੁਆਲੇ ਵਲ੍ਹੇਟ ਰਹੀ ਸੀ। ਕਰਤਾਰ ਸਿੰਘ ਦੀ ਤੀਵੀਂ ਸੰਤੀ ਤੰਦੂਰੇ ਰੋਟੀਆਂ ਲਾ ਰਹੀ ਸੀ। ਸੱਜੇ ਹੱਥ ਦੁਆਲੇ ਪੋਣਾ ਵਲ੍ਹੇਟ ਕੇ ਉਸ ਬੜੀ ਫੁਰਤੀ ਨਾਲ ਅਖੀਰਲੀ ਰੋਟੀ ਤੰਦੂਰ ਵਿਚੋਂ ਕੱਢੀ। ਖੱਬੇ ਹੱਥ ਨਾਲ ਰੋਟੀ ਨੂੰ ਲਗੀ ਸੁਆਹ ਝਾੜਦੀ ਹੋਈ ਬੋਲੀ—''ਨੀ ਸਿਮਰੋ, ਕੁਕੜੀਆਂ ਡੱਕ ਲਈਆਂ ਨੀਂ ?''

ਉਸਦੀ ਬਾਰਾਂ ਕੁ ਸਾਲਾਂ ਦੀ ਕੁੜੀ ਗੁਰਸਿਮਰਨ, ਜੋ ਮਕਾਨ ਦੇ ਅੱਗੇ ਪਿਛੇ ਚੱਕਰ ਲਾ ਰਹੀ ਸੀ, ਖਿਝੇ ਹੋਏ ਸੁਰ 'ਚ ਬੋਲੀ—

''ਇਕ ਕੁਕੜੀ ਘਟਦੀ ਏ ਪਈ।''

''ਨੀ ਕਿਹੜੀ ?''

''ਕਾਲੀ ਵਾਲੀ।''

''ਨੀ ਤੂਤ ਤੇ ਨਾ ਚੜ੍ਹ ਗਈ ਹੋਵੇ ?''

''ਵੇਖ ਲਿਆ ਏ ਉਥੇ ਹੈ ਨਹੀਂ।''

ਸੰਤੀ ਨੇ ਰੋਟੀਆਂ ਵਾਲੀ ਚੰਗੇਰ ਲਿਆ ਕੇ ਚੌਂਕੇ ਵਿਚ ਰੱਖ ਦਿੱਤੀ ਤੇ ਆਪ ਕੁਕੜੀਆਂ ਦੇ ਖੁੱਡੇ ਵਲ ਗਈ। ਕੁਝ ਚਿਰ ਉਹ ਖੁੱਡੇ ਵਿਚ ਹੱਥ ਮਾਰਕੇ ਕੁੜ ਕੁੜ ਕਰਦੀਆਂ ਕੁਕੜੀਆਂ ਨੂੰ ਇਕ ਦੂਜੀ ਨਾਲੋਂ ਨਿਖੇੜ ਕੇ ਗਿਣਨ ਦੇ ਜਤਨ ਕਰਦੀ ਰਹੀ, ਫਿਰ ਆਪਣੇ ਮੁੰਡੇ ਕੈਲੇ ਨੂੰ ਬੋਲੀ—''ਵੇ ਤੂੰ ਈਂ ਬੈਟਰੀ ਲੈ ਕੇ ਵੇਖ ਖਾਂ ਰਤਾ...।''

ਸੋਲਾਂ ਸਾਲ ਦਾ ਕੈਲਾ ਬੈਟਰੀ ਲੈ ਕੇ ਏਧਰ ਉਧਰ ਖੇਤਾਂ ਵਿਚ ਤੇ ਮਕਾਨ ਦੇ ਆਲੇ ਦੁਆਲੇ ਫਿਰਦਾ ਰਿਹਾ। ਫਿਰ ਉਹ ਆਪਣੇ ਚਾਚੇ ਦੇ ਮਕਾਨ ਦੇ ਪਿਛਵਾੜੇ ਗਿਆ। ਪੰਜ ਕੁ ਮਿੰਟਾਂ ਵਿਚ ਉਹ ਕਾਲੇ ਖੰਭਾਂ ਦਾ ਇਕ ਗੁਛਾ ਹੱਥ ਫੜੀ ਚੌਂਕੇ ਵਿਚ ਬੈਠੇ ਆਪਣੇ ਪਿਉ ਤੇ ਵੱਡੇ ਭਰਾ ਜੈਲੇ ਸਾਹਮਣੇ ਆ ਖਲੋਤਾ। ਬੋਲਿਆ—''ਬੇਬੇ—ਆਹ ਖੰਭ ਆਪਣੀ ਕੁਕੜੀ ਦੇ ਨਹੀਂ ?''

ਉਸ ਦੀ ਮਾਂ ਗੁੱਸੇ ਨਾਲ ਲਾਲ ਪੀਲੀ ਹੁੰਦੀ ਬੋਲੀ—''ਉਹੀ ਨੇ ਕਿ, ਤੁਹਨੂੰ ਪਵੇ ਸਬਰ, ਵੇਖ ਲਉ, ਹੈਂ ਹਨੇਰ ਸਾਈਂ ਦਾ ?'' ਕਰਤਾਰ ਸਿੰਘ ਬੋਲਿਆ—''ਮੂਲਾਂਪੁਰ ਵਾਲਾ ਕੁੜਮ ਆਇਆ ਹੋਇਆ ਸੂ ਨਾ, ਸ਼ਾਮੀਂ ਕੁਕੜ ਲੈਣ ਗਏ ਸੀ ਨਾ ਉਤਲਿਆਂ ਕੇ, ਉਥੋਂ ਨਹੀਂ ਨਾ ਲਭਾ ਤੇ ਇਹ ਕਾਰਾ ਕਰ ਦਿਤਾ ਨੇ।''

ਜੈਲਾ ਰੋਹ ਖਾ ਕੇ ਉਠ ਬੈਠਾ ਤੇ ਬੋਲਿਆ—''ਭਾਈਆ। ਇਹ ਸਭ ਤੇਰੀ ਮਿਹਰਬਾਨੀ ਆ, ਤੂੰ ਜਿਉਂ ਜਿਉਂ ਅੰਦਰ ਵੜਨਾ ਏਂ ਡਰਦਾ ਮਾਰਾ, ਉਹ ਲੱਤ ਉਤੋਂ ਦੀ ਕਰੀ ਜਾ ਰਹੇ ਨੇ। ਅੱਜ ਮੈਂ ਨਿਬੜਨਾਂ ਇਹਨਾਂ ਨਾਲ।''

''ਉਏ ਤੂੰ ਬਹੁ ਰਾਮ ਨਾਲ'', ਉਹਦੇ ਪਿਉ ਨੇ ਦਬਕਾ ਜਿਹਾ ਮਾਰਦਿਆਂ ਕਿਹਾ—''ਮੈਂ ਕਰਦਾਂ ਆਪੇ ਗੱਲ।''

ਸੰਤੀ ਨੇ ਪਤੀ ਨੂੰ ਚਿੜਾਂਦਿਆਂ ਕਿਹਾ—''ਮੈਂ ਕਰਦਾਂ ਗੱਲ, ਅੱਗੇ ਸਾਨੂੰ ਕਿਹੜੇ ਪਾਸੇ ਜੋਗਾ ਛਡਿਆ ਹੋਇਆ ਈ ?'' ਤੇ ਉਹ ਡੁਸਕਣ ਲਗ ਪਈ। ਇਸ ਉਤੇ ਕਰਤਾਰ ਸਿੰਘ ਰੋਹ ਖਾ ਕੇ ਉਠ ਬੈਠਾ, ਬੋਲਿਆ—''ਲੈ ਕੁੱਤੀਏ, ਜੇ ਤੈਨੂੰ ਇਹੀ ਕੁਝ ਮਨਜ਼ੂਰ ਏ ਤਾਂ।'' ਦੂਜੇ ਪਲ ਉਹ ਆਪਣੇ ਛੋਟੇ ਭਰਾ ਸਰਦਾਰੇ ਦੇ ਵਿਹੜੇ ਦੀ ਬੰਨੀ ਤੇ ਜਾ ਚੜ੍ਹਿਆ ਤੇ ਬੋਲਿਆ—''ਓਏ ਕੰਜਰਾ, ਆਹ ਕਰਤੂਤਾਂ ਨੇ ਤੇਰੀਆਂ ?''

ਸਰਦਾਰ ਸਿੰਘ ਆਪਣੇ ਕੁੜਮ ਨਾਲ ਮੰਜੇ ਉਤੇ ਬੈਠਾ ਪੈਗ ਲਾ ਰਿਹਾ ਸੀ। ਸਾਹਮਣੇ ਮੇਜ਼ ਉਤੇ ਘਰ ਦੀ ਕਢੀ 'ਅਬੱਲ ਤੋੜ' ਦੀ ਬੋਤਲ ਪਈ ਸੀ। ਕੋਲ ਜੱਗ ਵਿਚ ਪਾਣੀ ਤੇ ਪਲੇਟ ਵਿਚ ਸੁਕੇ ਭੁੰਜੇ ਮਾਸ ਦੀਆਂ ਸੰਖੀਆਂ।

ਆਪਣੇ ਕੁੜਮ ਸਾਹਮਣੇ ਇਹ ਬੇਜ਼ਤੀ ? ਉਹਤੋਂ ਜਰ ਨਾ ਹੋਈ। ਉਹ ਗੜ੍ਹਕਿਆ—''ਕੁੱਤੇ ਦਾ ਕੁੱਤਾ ਈ ਰਿਹੋਂ ਨਾ ਰੰਨ ਮੁਰੀਦਾ ? ਕੋਈ ਗੱਲ ਵੀ ?''

''ਉਏ ਆਹ ਕੁਕੜੀ ਮਰੋੜ ਲਈ ਆ ਸਾਡੀ, ਤੇ ਉਤੋਂ ਅੱਖਾਂ ਵਖਾਨਾ ਏਂ ?''

''ਕੁਕੜੀ ਮਰੋੜਨ ਵਾਲੇ ਦੀ ਮਾਂ ਦੀ...'' ਆਂਹਦਾ ਆਂਹਦਾ ਸਰਦਾਰਾ ਉਠ ਖੜਾ ਹੋਇਆ।

ਕਰਤਾਰੇ ਨੇ ਮੋੜਵਾਂ ਜਵਾਬ ਦਿਤਾ—''ਤੇਰੀ ਉਏ ਭੈਣ ਦੀ...ਗਾਲ੍ਹ ਕਢਣ ਵਾਲੇ ਦੀ...।''

''ਹਲਾ...ਲਾ...ਲਾ...ਲਾ'' ਸਰਦਾਰੇ ਨੇ ਚਾਂਘਰ ਮਾਰੀ।

ਅੱਗੋਂ ਕਰਤਾਰੇ ਨੇ ਬੱਕਰਾ ਬੁਲਾਇਆ। ਮਿੰਟਾਂ ਵਿਚ ਹੀ ਲਾ...ਲਾ...ਲਾ...ਲਾ ਹੋ ਗਈ। ਵਾਤਾਵਰਨ ਸਹਿਮ ਘੱਤਾ।

ਯੂ.ਪੀ. ਵਿਚ ਆ ਕੇ ਵੱਸੇ ਪੰਜਾਬੀਆਂ ਦੇ ਡੇਰੇ ਆਪੋ ਆਪਣੇ ਫ਼ਾਰਮਾਂ ਵਿਚ ਹਨ। ਏਥੇ ਪਿੰਡਾਂ ਦਾ ਰਿਵਾਜ ਨਹੀਂ। ਦੋ-ਦੋ ਤਿੰਨ-ਤਿੰਨ ਸੌ ਕਦਮਾਂ ਦੀ ਵਿਥ ਤੇ ਸਭ ਦੇ ਮਕਾਨ ਹਨ।

ਰਾਤ ਜਦੋਂ ਇੰਜ ਲਲਕਾਰੇ ਵੱਜਣ ਲਗੇ ਤੇ ਬੂ ਬੂ ਹੋਣ ਲਗ ਪਈ, ਤਾਂ ਆਂਢ ਗੁਆਂਢ ਸਭ ਦੇ ਕੰਨ ਖੜੇ ਹੋ ਗਏ। ਸਭਾ ਪਤੀ ਧਰਮ ਸਿੰਘ ਦਾ ਮੁੰਡਾ ਗੁਰਵੇਲ, ਜੋ ਜੈਲੇ ਦਾ ਯਾਰ ਵੀ ਸੀ, ਜਦ ਉਠ ਕੇ ਕਰਤਾਰ ਦੇ ਘਰ ਵੱਲ



Sri Satguru Jagjit Singh Ji eLibrary NamdhariElibrary@gmail.com

ਟੁਰਨ ਲਗਾ, ਤਾਂ ਧਰਮ ਸਿੰਘ ਨੇ ਉਸਨੂੰ ਬਾਹੋਂ ਫੜਦਿਆਂ ਆਖਿਆ—"ਕੰਜਰ ਦਿਆ ਬੀਆ, ਕਿਧਰ ਟੁਰ ਪਿਆ ਏਂ ?

"ਭਾਪਾ, ਹੱਥੋ ਪਾਈ ਨਾ ਹੋ ਜਾਣ ?"

"ਓਏ ਹੱਥੋ ਪਾਈ ਦਿਆ ਪੁੱਤਰਾ, ਛਡਾਵੇ ਹਮੇਸ਼ਾ ਰਗੜੇ ਜਾਂਦੇ ਨੀ। ਬਹਿ ਜਾਹ, ਆਪਸ ਵਿਚ ਨਿਬੜ ਲੈਣ, ਫਿਰ ਚਲਦੇ ਹਾਂ ਅਗਾਂਹ।"

ਸਰਦਾਰੇ ਦੀ ਚਾਂਘਰ ਸੁਣ ਕੇ ਜੈਲੇ ਤੋਂ ਰਿਹਾ ਨਾ ਗਿਆ। ਅੱਖ ਪਲਕਾਰੇ ਵਿਚ ਹੀ ਉਹ ਅੰਦਰੋਂ ਕਿਰਪਾਨ ਖਿਚ ਕੇ ਚਾਚੇ ਤੇ ਵਾਰ ਕਰਨ ਵਾਸਤੇ ਉਹਦੇ ਵਿਹੜੇ ਵੱਲ ਨੂੰ ਦੌੜਿਆ। ਬੂਹੇ ਦੀ ਓਟ ਲੈ ਕੇ ਖਲੋਤੇ ਸਰਦਾਰਾ ਸਿੰਘ ਦੇ ਮੁੰਡੇ ਮਿਹਰ ਨੇ ਘੱਪ ਦੇਣੀਂ ਬਰਛੀ ਉਹਦੀ ਵੱਖੀ ਵਿਚ ਲਾਹ ਦਿਤੀ।

"ਓਏ ਮੈਂ ਮਰ ਗਿਆ ਓਏ", ਆਂਹਦਾ ਉਹ ਭੋਏਂ ਤੇ ਡਿਗ ਕੇ ਧੌਣ ਮਰੋੜੀ ਮੁਰਗੀ ਵਾਂਗ ਹੱਥ ਮਾਰਨ ਡਹਿ ਪਿਆ। ਜਦੋਂ ਪਿਉ ਨੇ 'ਓਏ ਪੁੱਤਰਾ' ਆਖ ਕੇ ਉਹਨੂੰ ਚੁਕਣਾ ਚਾਹਿਆ ਤਾਂ ਇਕ ਬਰਛੀ ਉਹਦੇ ਵੀ ਆਰ ਪਾਰ ਹੋ ਗਈ।

"ਮਾਰ ਘੱਤੇ ਵੇ ਲੋਕਾ...ਲੁਟੇ ਗਏ ਵੇ..." ਸੰਤੀ ਦੁਹੱਥੜਾਂ ਮਾਰ ਮਾਰ ਪਿਟਣ ਲੱਗ ਪਈ। ਆਂਢ ਗੁਆਂਢ ਘਰਾਂ ਤੋਂ ਥੋੜ੍ਹਾ ਹਟਵਾਂ ਹਨੇਰੇ ਦੀ ਆੜ ਲਈ ਇਹ ਸਭ ਕੁਝ ਵਾਪਰਦਾ ਵੇਖ ਰਿਹਾ ਸੀ, ਹੁਣ ਇਕ ਇਕ ਦੋ ਦੋ ਹੋ ਕੇ ਡਿਗੇ ਪਏ ਪਿਉ ਪੁੱਤਰਾਂ ਦੁਆਲੇ ਜੁੜਨ ਲਗੇ।

"ਬਹੁਤ ਮਾੜਾ ਕੰਮ ਹੋਇਆ ਏ", ਸਭਾਪਤੀ ਧਰਮ ਸਿੰਘ ਨੇ ਕਿਹਾ।

"ਚਿਰੋਕਣੀ ਅੰਦਰੋ ਅੰਦਰ ਧੁਖਣ ਡਹੀ ਹੋਈ ਸੀ, ਇਕ ਦਿਨ ਤੇ..." ਕਪੂਰ ਸਿੰਘ ਨੇ ਆਪਣੀ ਰਾਏ ਦਿਤੀ। ਗੁਆਂਢਣਾਂ ਸੰਤੀ ਨੂੰ ਪਾਣੀ ਪਿਲਾਂਦੀਆਂ ਧੀਰਜ ਦੇ ਰਹੀਆਂ ਸਨ।

ਸਭਾਪਤੀ ਧਰਮ ਸਿੰਘ ਨੇ ਪਿਉ ਪੁੱਤਰਾਂ ਦੀਆਂ ਨਬਜ਼ਾਂ ਵੇਖੀਆਂ। ਫਿਰ ਬੋਲਿਆ—"ਤੂੰ ਇੰਜ ਕਰ ਹਰਬੰਸ ਸਿਆਂ ! ਆਪਣਾ ਟਰੈਕਟਰ ਲੈ ਆ, ਜੈਲੇ ਵਿਚ ਸਾਹ ਜਾਪਦੇ ਨੇ, ਇਹਨੂੰ ਹਸਪਤਾਲ ਲੈ ਚਲੀਏ, ਕੀ ਪਤਾ ਬਚ ਹੀ ਜਾਵੇ। ਨਾਲੇ ਠਾਣੇ ਇਤਲਾਹ ਦੇਣੀ ਪਵੇਗੀ, ਇਹ ਭਰਾ ਕਰਤਾਰ ਸਿੰਘ ਦੀ ਲੋਥ ਨੂੰ ਏਥੋਂ ਕੋਈ ਨਾ ਹਿਲਾਵੇ, ਮੌਕਾ ਹੋਵੇਗਾ।"

ਗੁਆਂਢੀਆਂ ਦੇ ਟਰੈਕਟਰ ਆ ਗਏ। ਜੈਲੇ ਨੂੰ ਚੁੱਕ ਕੇ ਟਰਾਲੀ ਵਿਚ ਰਖੀ ਮੰਜੀ ਤੇ ਪਾਇਆ ਗਿਆ, ਤੇ ਪੰਜ ਮੀਲ ਦੂਰ ਸਿਤਾਰਗੰਜ ਦੇ ਸਰਕਾਰੀ ਹਸਪਤਾਲ ਵਲ ਲੈ ਗਏ।

ਜੈਲੇ ਨੂੰ ਡਾਕਟਰਾਂ ਦੇ ਹਵਾਲੇ ਕਰਕੇ ਸਭਾਪਤੀ ਨੇ ਠਾਣੇ ਜਾ ਰਪਟ ਲਿਖਾਈ। ਠਾਣੇਦਾਰ ਨੇ ਸਾਰੀ ਕਹਾਣੀ ਸੁਣੀ, ਸੁਣ ਕੇ ਲਿਖੀ। ਫਿਰ ਉਹ ਆਪਣੇ ਦਲ ਬਲ ਸਹਿਤ ਹਸਪਤਾਲ ਪੁਜਾ। ਡਾਕਟਰਾਂ ਦੀ ਇਜਾਜ਼ਤ ਨਾਲ ਉਸ ਜੈਲੇ ਦਾ ਮਰਨ ਤੋਂ ਪਹਿਲਾਂ ਦਾ ਬਿਆਨ ਲਿਆ।

ਸਵੇਰੇ ਚਾਰ ਕੁ ਵਜੇ ਨਾਲ ਜੈਲੇ ਨੇ ਸੁਆਸ ਦੇ ਦਿਤੇ।

ਠਾਣੇਦਾਰ ਦੀ ਜੀਪ ਜਦੋਂ ਸਭਾਪਤੀ ਸਮੇਤ ਜੈਲੇ ਦੇ ਫਾਰਮ ਪਹੁੰਚੀ, ਉਦੋਂ ਦਿਨ ਦਾ ਚਾਨਣਾ ਹੋਣਾ ਸ਼ੁਰੂ ਹੋ ਚੁੱਕਾ ਸੀ।

ਘਰ ਵਿਚ ਹਾਹਾਕਾਰ ਮਚੀ ਹੋਈ ਸੀ। ਵੈਣ ਵਿਰਲਾਪ ਸੰਤੀ ਨੂੰ ਗਸ਼ਾਂ ਆ ਰਹੀਆਂ ਸਨ। ਦੁਹਾਂ ਘਰਾਂ ਵਿਚਾਲੇ ਖਲੋਤੀ ਵੱਡੀ ਧਰੇਕ ਥੱਲੇ ਕਰਤਾਰ ਸਿੰਘ ਦੀ ਲੋਥ ਪਈ ਸੀ। ਰਾਤ ਦੇ ਹਨੇਰੇ ਵਿਚ ਹੀ ਮੇਹਰ ਸਿੰਘ ਸੂਰਮਾ ਫਰਾਰ ਹੋ ਗਿਆ ਹੋਇਆ ਸੀ।

ਠਾਣੇਦਾਰ ਨੇ ਪੰਚਨਾਮਾ ਬਨਾਣ ਲਈ ਕਾਗ਼ਜ਼ ਕਢੇ। ਕਰਤਾਰ ਸਿੰਘ ਦੇ ਆਕੜੇ ਪਏ ਸਰੀਰ ਨੂੰ ਪਲਟਾ ਪਲਟੂ ਕੇ ਵੇਖਿਆ, ਤੇ ਅਗਲੀ ਕਾਰਵਾਈ ਕਰਨ ਲਈ ਪਰ੍ਹਾਂ ਪਏ ਮੰਜੇ ਤੇ ਜਾ ਬੈਠਾ।

ਦਿਨ ਦਾ ਚਾਨਣਾ ਵਾਹਵਾ ਹੋ ਗਿਆ ਸੀ। ਏਨੇ ਸਾਰੇ ਬੰਦਿਆਂ ਦਾ ਇਕੱਠ ਵੇਖ ਕੇ ਖੁੱਡੇ ਵਿਚ ਡਕੇ ਕੁੱਕੜ ਨੇ ਪਰ ਫੜਫੜਾ ਕੇ ਇਕ ਬਾਂਗ ਦਿੱਤੀ, ਤੇ...

ਤੇ ਇਸਦੇ ਨਾਲ ਹੀ ਇਕ ਕਾਲੇ ਰੰਗ ਦੀ ਕੁੱਕੜੀ ਧਰੇਕ ਦੀ ਧੁਰ ਉਤਲੀ ਟਾਹਣੀ ਤੋਂ ਉਡ ਕੇ ਕੁੜ ਕੁੜ ਕਰਦੀ ਹੇਠਾਂ ਉਤਰ ਆਈ।

ਸਾਰਿਆਂ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ।

ਸੰਤੀ ਨੇ ਹਿੱਕ ਤੇ ਹੱਥ ਮਾਰਿਆ—"ਨੀ ਹੋਣੀਏਂ ? ਨੀ ਮੇਰੇ ਪੁੱਤ ਦੀਏ ਮੌਤੇ। ਨੀ ਵੈਰਨੇ ਕਿਸੇ ਜੁਗ ਦੀਏ, ਨੀ ਕਲਜੋਗਣੇ, ਔਤਰ ਮੂੰਹੀਏ...।"

ਬੰਦਿਆਂ ਦੇ ਇਕੱਠ 'ਚ ਬੈਠੇ ਠਾਣੇਦਾਰ ਨੇ ਮੱਥੇ ਤੇ ਹੱਥ ਮਾਰਿਆ, ਤੇ ਬੋਲਿਆ—"ਵਾਹ ਸਰਦਾਰ ਜੀ ਪੰਜਾਬੀ ਲੋਗੋਂ ਕਾ ਭੀ ਪਤਾ ਨਹੀਂ ਦਿਮਾਗ ਕਿਆ ਚੀਜ਼ ਹੈ—ਏਕ ਮੁਰਗੀ ਕੇ ਲੀਏ ਦੋ ਜਾਨੇਂ ? ਔਰ ਮੁਰਗੀ ਸਾਲੀ ਅੱਛੀ ਭਲੀ ਹੈ।"

ਪਰ੍ਹਾਂ ਚੌਂਕੇ ਦੀ ਬੰਨੀ ਤੇ ਬੈਠੇ ਸਰਦਾਰਾ ਸਿੰਘ ਨੇ ਖੜਕਵੇਂ ਬੋਲਾਂ ਵਿਚ ਕਿਹਾ—"ਦਰੋਗਾ ਸਾਹਬ, ਏਥੇ ਦਮਾਗ ਦਾ ਸਵਾਲ ਨਹੀਂ, ਨਾ ਹੀ ਸਹੁਰੀ ਕੁੱਕੜੀ ਦਾ ਏ, ਸਵਾਲ ਤੇ ਇਹ ਵੇ, ਪਈ ਕੋਈ ਗਾਲ੍ਹਾਂ ਕੱਢੇ, ਤੇ ਫਿਰ ਸੁਕਾ ਕਿਵੇਂ ਜਾਵੇ ?" (ਨਵੀਂ ਛਪੀ ਪੁਸਤਕ ਕਲਮ ਤੇ ਬੰਦੂਕ ਵਿਚੋਂ)



Sri Satguru Jagjit Singh Ji eLibrary NamdhariElibrary@gmail.com

# ਗਵਾਲੀਅਰ ਦੇ ਕਿਲ੍ਹੇ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

—ਦੇਵਿੰਦਰ ਸਿੰਘ ਗਿਲ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿਖ ਪੰਥ ਤੇ ਇਤਿਹਾਸ ਨੂੰ ਇਕ ਅਹਿਮ ਮੋੜ ਦਿਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰ ਵਾਕ ਸਿਰ ਧਰਿ ਤਲੀ ਗਲੀ ਮੇਰੀ ਆਉ। ਹੁਣ ਸਾਕਾਰ ਹੋਣ ਲਗਾ। ਪੰਚਮ ਪਾਤਸ਼ਾਹ ਜੀ ਨੇ ਸ਼ਹਾਦਤ ਤੋਂ ਪਹਿਲਾਂ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਸੁਨੇਹਾ ਭੇਜ ਦਿਤਾ ਸੀ ਕਿ ਹੁਣ ਪਰੰਪ੍ਰਕ ਗੁਰ ਗੱਦੀ ਦੀ ਰਸਮ ਵਿਚ ਤਬਦੀਲੀ ਆਉਣੀ ਚਾਹੀਦੀ ਹੈ। ਸੇਲੀ, ਟੋਪੀ ਪਹਿਨਣ ਦਾ ਸਮਾਂ ਨਹੀਂ ਰਿਹਾ। ਇਹੋ ਕਾਰਨ ਸੀ ਕਿ ਜਦੋਂ ਬਾਬਾ ਬੁਢਾ ਜੀ ਨੇ ਗੁਰ ਗਦੀ ਨਸ਼ੀਨੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੇਲੀ ਟੋਪੀ ਪਹਿਨਾਉਣੀ ਚਾਹੀ ਤਾਂ ਆਪ ਜੀ ਨੇ ਕਿਹਾ ਸੀ ਕਿ ਹੁਣ ਤਲਵਾਰ ਉਠਾਉਣ ਦਾ ਸਮਾਂ ਆ ਗਿਆ ਹੈ ਅਤੇ ਸਮੇਂ ਦੀ ਮੰਗ ਅਨੁਸਾਰ ਆਪ ਜੀ ਨੇ ਮੀਰੀ ਤੇ ਪੀਰੀ ਦੀ ਸ਼ਾਨ ਰਖਣ ਲਈ ਦੋ ਤਲਵਾਰਾਂ ਪਹਿਨੀਆਂ।

ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ, ਸਿਖ ਇਤਿਹਾਸ ਵਿਚ ਪਹਿਲੀ ਸ਼ਹਾਦਤ ਸੀ ਜਿਸ ਨੇ ਸਿਖਾਂ ਨੂੰ ਚੌਕੰਨੇ ਕਰ ਦਿਤਾ। ਗੁਰੂ ਜੀ ਨੇ ਸਿਖਾਂ ਨੂੰ ਸ਼ਸਤਰ ਵਿਦਿਆ ਸਿਖਣ ਦੇ ਹੁਕਮ ਕੀਤੇ ਅਤੇ ਸਿਖਾਂ ਨੂੰ ਹੁਕਮ ਕੀਤੇ ਕਿ ਉਹ ਦਸਵੰਧ ਦੀ ਰਕਮ ਦੀ ਥਾਂ ਘੋੜੇ ਅਤੇ ਹਥਿਆਰ ਲੈ ਕੇ ਗੁਰੂ ਜੀ ਦੀ ਹਜ਼ੂਰੀ 'ਚ ਆਉਣ। ਆਪ ਜੀ ਨੇ ਸਿਖਾਂ ਨੂੰ ਘੋੜੇ ਦੀ ਸਵਾਰੀ ਕਰਨ ਲਈ ਹੁਕਮ ਕੀਤਾ ਜੋ ਕਿ ਮੁਗਲ ਹਕੂਮਤ ਵਿਚ ਇਕ ਹਿੰਦੂ ਲਈ ਵਿਵਰਜਤ ਸੀ। ਗੁਰੂ ਜੀ ਦਾ ਥਾਪੜਾ ਲੈ ਕੇ ਸਿਖ ਆਜ਼ਾਦ ਤੇ ਨਿਰਭੈ ਹੋ ਕੇ ਵਿਚਰਨ ਲਗੇ।

ਗੁਰੂ ਹਰਿ ਗੋਬਿੰਦ ਸ਼ਾਹਿਬ ਜੀ ਨੇ ਸਿਖਾਂ ਦੇ ਹੌਸਲੇ ਬੁਲੰਦ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਮੁਗਲ ਤਖਤ ਤੋਂ ਵੀ ਉਚੇ ਇਕ ਥੜੇ ਦੀ ਉਸਾਰੀ ਕਰਵਾਈ ਜਿਸ ਨੂੰ ਅਕਾਲ ਤਖਤ ਦਾ ਨਾਮ ਦਿਤਾ। ਗੁਰੂ ਜੀ ਅਕਾਲ ਤਖਤ ਉਪਰ ਬਿਰਾਜਦੇ ਅਤੇ ਸਿਖਾਂ ਦੇ ਮਲ-ਯੁਧ ਅਤੇ ਹੋਰ ਜੰਗੀ ਕਰਤਵ ਦੇਖਦੇ ਅਤੇ ਸਿਖਾਂ ਵਿਚ ਬੀਰਤਾ ਦਾ ਸੰਚਾਰ ਕਰਨ ਲਈ ਅਬਦੁਲਾ ਤੇ ਨੱਥਾ ਜਿਹੇ ਪ੍ਰਸਿਧ ਢਾਡੀ ਗੁਰ ਦਰਬਾਰ ਵਿਚ ਰਖੇ ਜੋ ਕਿ ਸੂਰਬੀਰਾਂ ਦੀਆਂ ਬਹਾਦਰੀ ਭਰਪੂਰ ਵਾਰਾਂ ਗਾਕੇ ਸਿਖਾਂ ਦੇ ਹੌਸਲੇ ਬੁਲੰਦ ਕਰਦੇ।

ਗੁਰੂ ਜੀ ਨੇ ਆਉਣ ਵਾਲੇ ਸਮੇਂ ਨੂੰ ਵਿਚਾਰ ਕੇ ਸਮੁਚੇ ਅੰਮ੍ਰਿਤਸਰ ਸ਼ਹਿਰ ਦੀ ਕਿਲ੍ਹਾਬੰਦੀ ਕੀਤੀ ਅਤੇ ਲੋਹਗੜ੍ਹ ਨਾਮ ਦਾ ਕਿਲ੍ਹਾ ੧੬੦੯ ਈਸਵੀਂ ਵਿਚ ਉਸਾਰਿਆ। ਗੁਰੂ ਜੀ ਦਾ ਹੁਕਮ ਸੁਣ ਕੇ ਪੰਜਾਬ ਦੇ ਗਭਰੂ, ਛੈਲ ਬਾਂਕੇ ਜੁਆਨ ਗੁਰੂ ਜੀ ਕੋਲ ਆਕੇ ਫੌਜ ਵਿਚ ਭਰਤੀ ਹੋਣ ਲਗੇ ਅਤੇ ਇਵਜ਼ਾਨੇ ਵਜੋਂ ਗੁਰੂ ਜੀ ਤੋਂ ਦੋ ਵਕਤ ਦੀ ਰੋਟੀ ਅਤੇ ਛੇ ਮਹੀਨੇ ਬਾਅਦ ਕਮੀਜ਼ ਦੀ ਆਸ ਰਖਦੇ ਸਨ। ਮੈਕਮ ਆਰਥਰ ਮੈਕਾਲਿਫ ਆਪਣੀ ਪੁਸਤਕ "ਸਿਖ ਰੀਲੀਜਨ" ਦੀ ਜਿਲਦ ਚੌਥੀ, ਪੰਨਾ ੫ ਤੇ ਲਿਖਦੇ ਹਨ: "ਫੌਜ ਵਿਚ ਸ਼ਾਮਿਲ ਸਿਖ, ਸ਼ਬਦ ਬਾਣੀ ਸੁਣਕੇ ਆਤਮਾਵਾਂ ਨੂੰ ਸ਼ਾਂਤ ਕਰਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਵਹੀਰ ਦੋ ਵਕਤ ਪ੍ਰਸ਼ਾਦਾ ਛਕ ਕੇ ਤੇ ਛੇ ਮਹੀਨੇ ਬਾਅਦ ਇਕ ਕਮੀਜ਼ ਲੈ ਕੇ ਸੰਤੁਸ਼ਟ ਸੀ।"

ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਲਿਖਾਰੀ ਦਾ ਕਹਿਣਾ ਹੈ ਕਿ ਦੇਸ਼ਾਂ ਵਿਦੇਸ਼ਾਂ ਤੋਂ ਸਿਖ, ਯੋਧੇ, ਘੋੜੇ ਤੇ ਸ਼ਸਤਰ ਲੈ ਕੇ ਪੁਜਦੇ ਤੇ ਭੇਟਾ ਕਰਕੇ ਖੁਸ਼ ਹੁੰਦੇ:—

ਦੇਸਨਿ ਦੇਸ ਸੁਨੀ ਗੁਰ ਆਵਤ,
ਆਵਤ ਤੇ ਸਭ ਸੂਰ ਅਪਾਰਾ।
ਸਸਤ੍ਰ ਔ ਅਸ ਲੀਏ ਗੁਰ ਭੇਟਿਸੁ,
ਤ
ਚਾਹ ਭਰੇ ਮਨ ਮਾਹਿ ਉਦਾਰਾ।

ਗੁਰੂ ਜੀ ਦੀ ਮਹਿਮਾ ਸੁਣਕੇ ਅਨੇਕ ਰਾਜੇ, ਮਹਾਰਾਜੇ ਤੇ ਸੈਨਾਪਤੀ ਗੁਰੂ ਜੀ ਕੋਲ ਗੁਰੂ ਜੀ ਦੀ ਅਰਦਲ ਵਿਚ ਆ ਰਹੇ ਸਨ। ਮਿਸਾਲ ਵਜੋਂ ਜਦੋਂ ਜੈਸਲਮੇਰ ਦੇ ਰਾਣੇ ਰਾਮ ਪ੍ਰਤਾਪ ਨੂੰ ਜਹਾਂਗੀਰ ਨੇ ਰਾਜ ਗੱਦੀ ਤੋਂ ਲਾਹ ਦਿਤਾ ਤਾਂ ਉਹ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ। ਇਸੇ ਤਰ੍ਹਾਂ ਹੀ ਸੂਬੇਦਾਰ ਯਾਰ ਖਾਨ ਅਤੇ ਫੌਜਦਾਰ ਖੁਆਜਾ ਸਰਾਇ ਜਿਹਨਾਂ ਨੂੰ ਜਹਾਂਗੀਰ ਨੇ ਫੌਜ ਵਿਚੋਂ ਕਢ ਦਿਤਾ ਸੀ, ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ।

ਉਪਰੋਕਤ ਚੜ੍ਹਦੀ ਕਲਾਂ ਵਾਲੀਆਂ ਕਾਰਵਾਈਆਂ ਵੇਖ ਵੇਖ ਕੇ ਗੁਰੂ ਘਰ ਦੇ ਵਿਰੋਧੀ ਤਿਲਮਲਾ ਰਹੇ ਸਨ। ਉਸ ਸਮੇਂ ਲਾਹੌਰ ਦਾ ਸੂਬੇਦਾਰ ਮੁਰਤਜਾ ਖਾਨ ਸੀ ਜੋ ਕਿ ਗੁਰੂ ਜੀ ਦਾ ਕਟੜ ਵਿਰੋਧੀ ਸੀ ਅਤੇ ਜਿਸ ਦਾ ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਵਿਚ ਵਿਸ਼ੇਸ਼ ਹੱਥ ਸੀ, ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਹਰ ਗਤੀਵਿਧੀ ਤੇ ਕਰੜੀ ਨਜ਼ਰ ਰਖ ਰਿਹਾ ਸੀ। ਮਿਹਰਬਾਨ ਅਤੇ ਦੀਵਾਨ ਚੰਦੂ ਵੀ ਕਿਹੜਾ ਘੱਟ ਸਨ। ਉਹਨਾਂ ਸਾਰਿਆਂ ਨੇ ਗੁਰੂ ਜੀ ਵਿਰੁਧ ਜਹਾਂਗੀਰ ਬਾਦਸ਼ਾਹ ਨੂੰ ਖਬਰਾਂ ਭੇਜੀਆਂ ਕਿ ਸਿਖ ਪੰਜਾਬ ਵਿਚ ਸ਼ਸਤਰ ਇਕਠੇ ਕਰ ਰਹੇ ਹਨ। ਉਹਨਾ ਦਾ ਗੁਰੂ, ਸੀਸ ਕਲਗੀ ਸਜਾ ਰਿਹਾ ਹੈ ਅਤੇ ਅੰਮ੍ਰਿਤਸਰ ਵਿਚ ਜੰਗੀ ਮਸ਼ਕਾਂ ਹੋ ਰਹੀਆਂ ਹਨ। ਜੇਕਰ ਪੰਜਾਬ ਵਲ ਧਿਆਨ ਨਾ ਦਿਤਾ ਗਿਆ ਤਾਂ ਇਹ ਛੇਤੀ



Sri Satguru Jagjit Singh Ji eLibrary NamdhariElibrary@gmail.com

ਸਿਖਾਂ ਦੇ ਕਬਜ਼ੇ ਹੇਠ ਆਂ ਜਾਵੇਗਾ।

ਉਹਨਾਂ ਦਿਨਾਂ ਵਿਚ ਬਾਦਸ਼ਾਹ ਜਹਾਂਗੀਰ ਨਕਸ਼ਬੰਦੀਆਂ ਦੇ ਹੱਥਾਂ ਦੀ ਕਠਪੁਤਲੀ ਬਣਿਆ ਹੋਇਆ ਸੀ। ਨਕਸ਼ਬੰਦੀ ਸਿਲਸਲੇ ਦਾ ਨੇਤਾ ਸ਼ੇਖ ਅਹਿਮਦ ਸਰਹੰਦੀ ਗੁਰੂ ਜੀ ਦਾ ਕਟੜ ਵਿਰੋਧੀ ਸੀ। ਉਸ ਨੇ ਵੀ ਗੁਰੂ ਜੀ ਦੇ ਖਿਲਾਫ ਬਾਦਸ਼ਾਹ ਦੇ ਕੰਨ ਭਰੇ। ਨਤੀਜੇ ਵਜੋਂ ਜਹਾਂਗੀਰ ਬਾਦਸ਼ਾਹ ਨੇ ਗੁਰੂ ਜੀ ਨੂੰ ਰਾਜ ਦਰਬਾਰ ਵਿਚ ਆਉਣ ਲਈ ਹੁਕਮ ਸਾਦਰ ਕਰ ਦਿਤਾ। ਬਾਦਸ਼ਾਹ ਵਲੋਂ ਇਹ ਹੁਕਮ, ਵਜ਼ੀਰ ਖਾਨ ਅਤੇ ਗੁੰਚਾਬੇਗ ਲੈ ਕੇ ਗੁਰੂ ਜੀ ਕੋਲ ਆਏ ਅਤੇ ਕਿਹਾ ਕਿ ਗੁਰੂ ਜੀ ਆਗਰੇ ਰਾਜ ਦਰਬਾਰ ਵਿਚ ਪੇਸ਼ ਹੋਣ। ਵਜ਼ੀਰ ਖਾਨ, ਗੁਰੂ ਘਰ ਵਿਚ ਵਿਸ਼ਵਾਸ ਰਖਣ ਵਾਲਾ ਅਹਿਲਕਾਰ ਸੀ। ਉਸ ਨੂੰ ਬਾਦਸ਼ਾਹ ਦੀ ਨੀਤੀ ਤੋਂ ਸਾਫ ਪ੍ਰਗਟ ਹੋ ਗਿਆ ਸੀ ਕਿ ਗੁਰੂ ਜੀ ਨੂੰ ਕੈਦ ਕੀਤਾ ਜਾਵੇਗਾ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਬਾਦਸ਼ਾਹ ਦਾ ਹੁਕਮ ਸੁਣਕੇ ਆਗਰੇ ਵਲ ਚਾਲੇ ਪਾ ਦਿਤੇ। ਰਸਤੇ ਵਿਚ ਆਪ ਜੀ ਦਿਲੀ ਵਿਖੇ ਮਜਨੂੰ ਟਿੱਲੇ ਡੇਰਾ ਕੀਤਾ ਅਤੇ ਫਕੀਰ ਸਿਕੰਦਰ ਸ਼ਾਹ ਜਿਹਿਆਂ ਨੂੰ ਸੱਚ ਦਾ ਮਾਰਗ ਦਿਖਾਇਆ ਉਥੋਂ ਆਪ ਜੀ ਆਗਰੇ ਪਹੁੰਚੇ ਅਤੇ ਕਿਹਾ ਜਾਂਦਾ ਹੈ ਕਿ ਆਪ ਜੀ ਨੇ ਇਕ ਖੂਨੀ ਤੇ ਜ਼ਾਲਮ ਸ਼ੇਰ ਦਾ ਸ਼ਿਕਾਰ ਕਰਕੇ ਬਾਦਸ਼ਾਹ ਨੂੰ ਹੈਰਾਨ ਕਰ ਦਿਤਾ। ਆਗਰੇ ਤੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ। ਗਵਾਲੀਅਰ ਦਾ ਇਕ ਪ੍ਰਾਚੀਨ ਅਤੇ ਬਦਨਾਮ ਕਿਲ੍ਹਾ ਸੀ। ਇਸ ਬਾਰੇ ਮਸ਼ਹੂਰ ਸੀ ਕਿ ਜੋ ਵੀ ਇਥੇ ਕੈਦੀ ਬਣਕੇ ਆਉਂਦਾ ਫਿਰ ਜੀਉਂਦਾ ਵਾਪਸ ਨਹੀਂ ਸੀ ਜਾ ਸਕਦਾ। ਅਕਬਰ ਬਾਦਸ਼ਾਹ ਦੇ ਸਮੇਂ ਉਸ ਕਿਲ੍ਹੇ ਵਿਚ ਕੈਦੀ ਰਖਣ ਦਾ ਰਿਵਾਜ ਸ਼ੁਰੂ ਹੋਇਆ ਸੀ। ਗੁਰੂ ਜੀ ਦੇ ਗਵਾਲੀਅਰ ਕਿਲ੍ਹੇ ਵਿਚ ਕੈਦ ਰਖਣ ਤੋਂ ਪਹਿਲਾਂ ਕਿਹਾ ਜਾਂਦਾ ਹੈ ਕਿ ੫੨ ਰਾਜੇ ਮਹਾਰਾਜੇ ਕੈਦ ਕੀਤੇ ਹੋਏ ਸਨ ਜਿਹਨਾਂ ਵਿਚੋਂ ਬਹੁਤਿਆਂ ਤੇ ਖੁਸਰੋ ਦੀ ਮਦਦ ਦਾ ਦੋਸ਼ ਸੀ। ਉਹਨਾਂ ਨੂੰ ਘੋੜਿਆਂ ਦੇ ਅਸਤਬਲ ਵਿਚ ਰਖਿਆ ਜਾਂਦਾ ਅਤੇ ਖੁਰਾਕ ਵੀ ਬਹੁਤ ਘਟੀਆ ਕਿਸਮ ਦੀ ਦਿਤੀ ਜਾਂਦੀ ਸੀ। ਕੁਝ ਰਾਜਿਆਂ ਨੂੰ ਖਤਮ ਕਰਨ ਲਈ ਭੋਜਨ ਵਿਚ ਚੋਰੀ ਛੁਪੀ ਜ਼ਹਿਰ ਵੀ ਦਿਤੀ ਜਾਂਦੀ ਸੀ ਜਿਸ ਕਾਰਨ ਰਾਜੇ ਅੱਡੀਆਂ ਰਗੜ ਰਗੜ ਕੇ ਬੁਰੀ ਮੌਤੇ ਮਰ ਰਹੇ ਸਨ।

ਗੁਰੂ ਜੀ ਦੇ ਕਿਲ੍ਹੇ ਵਿਚ ਆਉਣ ਨਾਲ ੫੨ ਰਾਜਿਆਂ ਨੂੰ ਕੁਝ ਧਰਵਾਸ ਹੋਈ ਅਤੇ ਉਹ ਗੁਰੂ ਜੀ ਦੇ ਚਰਨੀਂ ਲਗੇ। ਗੁਰੂ ਜੀ ਦੀ ਆਮਦ ਨੇ ਜੰਗਲ ਵਿਚ ਮੰਗਲ ਲਗਾ ਦਿਤਾ। ਸਵੇਰ ਸ਼ਾਮ ਆਸਾ ਦੀ ਵਾਰ ਤੇ ਸੋਦਰ, ਰਹਿਰਾਸ ਦਾ ਕੀਰਤਨ ਹੁੰਦਾ। ਕਨ੍ਹਈਆ ਲਾਲ ਪੁਸਤਕ "ਤਾਰੀਖੇ ਪੰਜਾਬ" ਵਿਚ ਲਿਖਦਾ ਹੈ, "ਜਿਤਨਾ ਵੀ ਰੋਜ਼ੀਨਾ ਆਪ ਨੂੰ ਮਿਲਦਾ ਉਹ ਕਿਲ੍ਹੇ ਦੇ ਕੈਦੀਆਂ ਵਿਚ ਵੰਡ ਦਿੰਦੇ ਅਤੇ ਆਪਣੇ ਘਰੋਂ ਰੁਪਿਆ ਆਦਿ ਮੰਗਵਾਕੇ ਨਿਜੀ ਖਰਚੇ ਲਈ ਵਰਤਦੇ ਸਨ।"

ਜੇਲ੍ਹ ਦਾ ਦਰੋਗਾ ਹਰੀ ਦਾਸ ਸੀ। ਉਹ ਵੀ ਗੁਰੂ ਜੀ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਨੇ ਗੁਰੂ ਜੀ ਲਈ ਘਰੋਂ ਰੋਟੀ ਭਿਜਵਾਣ ਦੀ ਆਗਿਆ ਲੈ ਲਈ ਪਰ ਗੁਰੂ ਜੀ ਅਲੂਣੀ ਰੋਟੀ ਹੀ ਖਾਂਦੇ ਰਹੇ। ਗੁਰੂ ਜੀ ਦਾ ਸਮਕਾਲੀ ਇਤਿਹਾਸਕਾਰ ਮੁਹਸਨ ਫਾਨੀ ਲਿਖਦਾ ਹੈ ਕਿ ਉਥੇ ਗਵਾਲੀਅਰ ਉਹ (ਗੁਰੂ) ਹਰਿਗੋਬਿੰਦ ਅਲੂਣੀ ਰੋਟੀ ਹੀ ਖਾਂਦੇ ਰਹੇ। ਨਾਲ ਦੇ ਸਿਖਾਂ ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ, ਭਾਈ ਪਿਰਾਣਾ ਤੇ ਭਾਈ ਰਾਜੂ ਨੂੰ ਕਿਲ੍ਹੇ ਦੀ ਪਾਬੰਦੀ ਤੋਂ ਬਾਹਰ ਟੁਰ ਜਾਣ ਲਈ ਗੁਰੂ ਜੀ ਨੇ ਆਪ ਫੁਰਮਾਇਆ। ਉਹਨਾਂ ਨੇ ਬਾਹਰ ਜਾਕੇ ਸਿਖ ਸੰਗਤਾਂ ਨੂੰ ਜਥੇਬੰਦ ਕੀਤਾ।

ਹੁਣ ਗੁਰੂ ਘਰ ਦੇ ਦੋਖੀ ਜਿਹਨਾਂ ਦੀ ਕੋਸ਼ਿਸ਼ ਸਫਲ ਹੋ ਗਈ ਸੀ ਕਿ ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਹੋ ਗਏ, ਉਹ ਹੁਣ ਗੁਰੂ ਜੀ ਦਾ ਅੰਤ ਹੋਇਆ ਵੇਖਣਾ ਚਾਹੁੰਦੇ ਸਨ। ਦੀਵਾਨ ਚੰਦੂ ਨੇ ਬਾਦਸ਼ਾਹ ਦੀ ਮਾਰਫਤ ਦਰੋਗਾ ਹਰੀ ਦਾਸ਼ ਨੂੰ ਇਕ ਜ਼ਹਿਰ ਦੀ ਪੁਠ ਵਾਲਾ ਚੋਗਾ ਦਿਤਾ ਤਾਂ ਕਿ ਉਹ ਅਗੇ ਗੁਰੂ ਜੀ ਨੂੰ ਦੇਵੇ ਅਤੇ ਜਦ ਉਹ ਪਹਿਨਣ ਤਾਂ ਜ਼ਹਿਰ ਅਸਰ ਕਰ ਜਾਵੇਗੀ ਤਾਂ ਗੁਰੂ ਜ਼ੀ ਮਰ ਜਾਣਗੇ। ਦਰੋਗਾ ਹਰੀ ਦਾਸ ਨੇ ਇਸ ਸਾਜ਼ਿਸ਼ ਤੋਂ ਗੁਰੂ ਜੀ ਨੂੰ ਚੋਕੰਨਾ ਕਰ ਦਿਤਾ ਅਤੇ ਉਹ ਚੋਗਾ ਨਾ ਪਹਿਨਿਆ।

ਉਧਰ ਸਿਖ ਜਗਤ ਵਿਚ ਹਾਹਾਕਾਰ ਮਚ ਗਈ ਕਿਉਂਕਿ ਸਿਖ ਜਗਤ ਨੂੰ ਡਰ ਹੋ ਗਿਆ ਕਿ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਵੀ ਬਾਦਸ਼ਾਹ ਪੰਚਮ ਪਾਤਸ਼ਾਹ ਵਾਲਾ ਸਲੂਕ ਨਾ ਕਰੇ। ਜਦੋਂ ਗੁਰੂ ਜੀ ਨੇ ਆਗਰੇ ਵਲ ਚਾਲੇ ਪਾਏ ਤਾਂ ਵਜ਼ੀਰ ਖਾਨ ਅਤੇ ਗੁਚਾ ਬੇਗ ਨੇ ਸਿਖ ਜਗਤ ਨੂੰ ਭਰੋਸਾ ਦਿਵਾਇਆ ਕਿ ਗੁਰੂ ਜੀ ਨੂੰ ਸਿਰਫ ਮੁਲਾਕਾਤ ਲਈ ਬਾਦਸ਼ਾਹ ਨੇ ਬੁਲਾਇਆ ਹੈ ਪਰ ਫਿਰ ਜਦ ਉਹਨਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਤਾਂ ਸਰਕਾਰੀ ਅਹਿਲਕਾਰਾਂ ਨੇ ਸਿਖ ਜਗਤ ਨੂੰ ਧਰਵਾਸ ਦੇਣ ਲਈ ਕਿਹਾ ਕਿ ਅਜ ਕਲ ਬਾਦਸ਼ਾਹ ਬੀਮਾਰ ਰਹਿੰਦਾ ਹੈ ਅਤੇ ਗੁਰੂ ਜੀ ਬਾਦਸ਼ਾਹ ਦੀ ਸਿਹਤਯਾਬੀ ਲਈ ਤਪਸਿਆ ਕਰਨ ਲਈ ਕਿਲ੍ਹੇ ਵਿਚ ਗਏ ਹਨ ਪਰ ਇਹ ਵੀ ਅਫਵਾਹ ਹੀ ਨਿਕਲੀ। ਸਿਖ ਜਗਤ ਵਿਚ ਰੋਹ ਭਰ ਗਿਆ।

ਉਸ ਸਮੇਂ ਸਿਖ ਜਗਤ ਅਗਵਾਈ ਹੀਨ ਹੋ ਗਿਆ ਸੀ ਤੇ ਗੁਰੂ ਜੀ ਲੰਮੇ ਵਿਛੋੜੇ ਦੇ ਗਏ ਸਨ। ਸਿਖ


Sri Satguru Jagjit Singh Ji eLibrary NamdhariElibrary@gmail.com

ਵਾਹੋਦਾਹੀ ਸ਼ਰਧਾ ਵਿਚ ਡੁਬੇ ਹੋਏ ਗਵਾਲੀਅਰ ਦੇ ਕਿਲ੍ਹੇ ਨੇੜੇ ਪਹੁੰਚਦੇ ਤੇ ਦੀਵਾਰਾਂ ਨੂੰ ਮਥਾ ਟੇਕ ਕੇ ਵਾਪਸ ਮੁੜ ਆਉਂਦੇ। ਉਸ ਔਖੇ ਸਮੇਂ ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਪੰਥ ਨੂੰ ਸੇਧ ਬਖਸ਼ੀ। ਆਪ ਜੀ ਚੌਕੀਆਂ ਦੀ ਰਸਮ ਚਲਾਈ। ਦਿਨੇ ਧਰਮ ਪ੍ਰਚਾਰ ਤੇ ਪਾਬੰਦੀ ਲਗਾ ਦਿਤੀ ਸੀ ਸੋ ਚੌਕੀਆਂ ਰਾਹੀਂ ਰਾਤ ਧਰਮ ਪ੍ਰਚਾਰ ਕੀਤਾ ਜਾਂਦਾ। ਰਾਤ ਸਮੇਂ ਇਕ ਸਿਖ ਮਿਸਾਲ ਬਾਲ ਲੈਂਦਾ ਤਾਂ ਝੰਡਾ ਚੁਕੀ ਪਿੰਡ ਵਿਚ ਫਿਰਦਾ ਅਤੇ ਸੰਗਤ ਸ਼ਬਦ ਗਾਉਂਦੀ, ਇਸ ਤਰ੍ਹਾਂ ਇਕ ਪਿੰਡ ਤੋਂ ਦੂਜੇ ਅਤੇ ਫਿਰ ਦੂਜੇ ਪਿੰਡ ਤੋਂ ਤੀਜੇ ਪਿੰਡ ਚੌਕੀਆਂ ਪਹੁੰਚ ਜਾਂਦੀਆਂ। ਇਸ ਪ੍ਰਕਾਰ ਸਿਖ ਗਵਾਲੀਅਰ ਤਕ ਪਹੁੰਚੇ। ਮੁਹਸਿਨ ਫਾਨੀ ਲਿਖਦਾ ਹੈ, "ਸਿਖ ਤੇ ਮਸੰਦ (ਆਗੂ) ਗਵਾਲੀਅਰ ਜਾਂਦੇ, ਕਿਲ੍ਹੇ ਦੀਆਂ ਦੀਵਾਰਾਂ ਨੂੰ ਜਾ ਛੂੰਹਦੇ ਤੇ ਸਿਰ ਝੁਕਾਉਂਦੇ ਰਹੇ।" ਇਹ ਇਤਿਹਾਸਕ ਪਰੰਪਰਾ ਚੌਕੀਆਂ ਸੰਬੰਧੀ, ਅਜੇ ਤਕ ਵੀ ਸ੍ਰੀ ਹਰਿਮੰਦਰ ਸਾਹਿਬ ਨਿਭਾਈ ਜਾਂਦੀ ਹੈ।

ਗੁਰੂ ਜੀ ਨੂੰ ਕਿੰਨੇ ਸਮੇਂ ਲਈ ਬਾਦਸ਼ਾਹ ਨੇ ਗ੍ਰਿਫਤਾਰ ਕੀਤਾ ਸੀ? ਗੁਰੂ ਜੀ ਕਿੰਨਾ ਸਮਾਂ ਕੈਦ ਵਿਚ ਰਹੇ? ਇਸ ਬਾਰੇ ਇਤਿਹਾਸ ਵਿਚ ਪੂਰੇ ਵੇਰਵੇ ਨਹੀਂ ਮਿਲਦੇ। ਗੁਰੂ ਜੀ ਦਾ ਸਮਕਾਲੀ ਇਤਿਹਾਸਕਾਰ ਮੁਹਸਿਨ ਫਾਨੀ ਲਿਖਦਾ ਹੈ ਕਿ ਗੁਰੂ ਜੀ ੧੨ ਸਾਲ ਕੈਦ ਵਿਚ ਰਹੇ ਪਰ ਇਹ ਵਿਚਾਰ ਮੰਨਿਆ ਨਹੀਂ ਜਾ ਸਕਦਾ। ਕਿਉਂਕਿ ਇਸ ਸਮੇਂ ਦੌਰਾਨ ਗੁਰੂ ਜੀ ਦੇ ਸੰਤਾਨਾਂ ਪੈਦਾ ਹੋਈਆਂ ਜਿਵੇਂ ਕਿ ਬਾਬਾ ਗੁਰਦਿਤਾ ਜੀ ਦਾ ਜਨਮ ੧੬੧੩ ਈਸਵੀ, ਬੀਬੀ ਵੀਰੋ ਦਾ ਜਨਮ ੧੬੧੫ ਈਸਵੀ, ਬਾਬਾ ਅਣੀ ਰਾਇ ਦਾ ਜਨਮ ੧੬੧੮ ਈਸਵੀ ਤੇ (ਗੁਰੂ) ਤੇਗ ਬਹਾਦਰ ਜੀ ਦਾ ਜਨਮ ੧੬੨੦ ਈਸਵੀ ਵਿਚ ਹੋਇਆ। ਸੋ ਬਾਰਾਂ ਸਾਲ ਦਾ ਕੈਦ ਦਾ ਸਮਾਂ ਕਦਾਚਿਤ ਠੀਕ ਨਹੀਂ। ਹਾਂ ਇਹ ਹੋ ਸਕਦਾ ਹੈ ਕਿ ਬਾਦਸ਼ਾਹ ਨੇ ਗੁਰੂ ਜੀ ਨੂੰ ਕੈਦ ਵਿਚ ੧੨ ਸਾਲ ਰਖਣ ਦਾ ਐਲਾਨ ਕੀਤਾ ਹੋਵੇ।

ਸਿਖ ਪਰੰਪਰਾ ਅਨੁਸਾਰ ਗੁਰੂ ਜੀ ਸਿਰਫ ਚਾਲ੍ਹੀ ਦਿਨ ਕੈਦ ਵਿਚ ਰਹੇ, ਇਹ ਪਰੰਪਰਾ ਵੀ ਮੰਨਣ ਯੋਗ ਨਹੀਂ ਹੈ। ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਦਾ ਖਿਆਲ ਹੈ ਕਿ ਗੁਰੂ ਜੀ ਪੰਜ ਸਾਲ ੧੬੦੭ ਤੋਂ ੧੬੧੨ ਈਸਵੀ ਤਕ ਕੈਦ ਵਿਚ ਰਹੇ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਗੁਰੂ ਜੀ ਦੋ ਸਾਲ ੧੬੧੨ ਈਸਵੀ ਤੋਂ ੧੬੧੪ ਈਸਵੀ ਤਕ ਕੈਦ ਵਿਚ ਰਹੇ। ਫੋਰਸਟਰ ਦਾ ਖਿਆਲ ਹੈ ਕਿ ਗੁਰੂ ਜੀ ਥੋੜ੍ਹਾ ਸਮਾਂ ਕੈਦ ਵਿਚ ਰਹੇ। ੧੬੦੯ ਈਸਵੀ ਵਿਚ ਗੁਰੂ ਜੀ ਨੂੰ ਕੈਦ ਕੀਤਾ ਗਿਆ ਅਤੇ ਉਸ ਸਮੇਂ ਬਾਦਸ਼ਾਹ ਸ਼ਰਈ ਮੁਸਲਮਾਨਾਂ ਦੇ ਹੱਥਾਂ ਦੀ ਕਠਪੁਤਲੀ ਬਣਿਆ ਹੋਇਆ ਸੀ।

੧੬੧੧ ਈਸਵੀ ਦਾ ਸਾਲ ਬਾਦਸ਼ਾਹ ਜਹਾਂਗੀਰ ਦੀ ਜ਼ਿੰਦਗੀ ਵਿਚ ਮਹੱਤਵਪੂਰਨ ਸਮਾਂ ਸੀ। ਉਸ ਸਾਲ ਬੇਗਮ ਨੂਰ ਜਹਾਂ ਨਾਲ ਬਾਦਸ਼ਾਹ ਨੇ ਵਿਆਹ ਕਰਵਾਇਆ। ਜਿੰਨੀ ਜਿੰਨੀ ਨੂਰਜਹਾਂ ਹੁਸੀਨ ਸੀ, ਉਸ ਤੋਂ ਕਿਤੇ ਜ਼ਿਆਦਾ ਧਾਰਮਿਕ ਖਿਆਲਾਂ ਵਾਲੀ ਤੇ ਅਕਲਮੰਦ ਔਰਤ ਸੀ। ਛੇਤੀ ਹੀ ਉਨ ਨੇ ਰਾਜ ਦਰਬਾਰ ਦੇ ਕੰਮਕਾਜ ਦੇਖਣੇ ਸ਼ੁਰੂ ਕੀਤੇ ਅਤੇ ਬਾਦਸ਼ਾਹ ਨੂੰ ਵਸ ਵਿਚ ਕਰ ਲਿਆ। ਹੁਣ ਜਹਾਂਗੀਰ ਹਰ ਸਮੇਂ ਸ਼ਰਾਬ ਵਿਚ ਹੀ ਮਸਤ ਰਹਿੰਦਾ। ੧੬੧੨ ਈਸਵੀ ਵਿਚ ਜਹਾਂਗੀਰ ਬਹੁਤ ਸਖਤ ਬੀਮਾਰ ਹੋ ਗਿਆ ਅਤੇ ਉਸ ਨੂੰ ਭਿਆਨਕ ਸੁਪਨੇ ਆਉਂਦੇ ਰਹਿੰਦੇ। ਸਿਖ ਪਰੰਪਰਾ ਅਨੁਸਾਰ ਭਾਈ ਜੇਠਾ ਜੀ ਰਾਤ ਸਮੇਂ ਜਹਾਂਗੀਰ ਨੂੰ ਮਹੱਲਾਂ ਵਿਚ ਸ਼ੇਰ ਦਾ ਰੂਪ ਬਣਕੇ ਡਰਾਉਂਦੇ। ਜਹਾਂਗੀਰ ਇਲਾਜ ਕਰਵਾਕੇ ਥੱਕ ਗਿਆ ਪਰ ਅਰਾਮ ਨਹੀਂ ਸੀ ਆ ਰਿਹਾ।

ਉਹਨਾਂ ਦਿਨਾਂ ਵਿਚ ਸਾਂਈ ਮੀਆਂ ਮੀਰ ਜੀ ਵੀ ਦਿਲੀ ਆਏ ਹੋਏ ਸਨ। ਨੂਰ ਜਹਾਂ ਨੇ ਕੁਝ ਸਮਾਂ ਸਾਂਈ ਜੀ ਦੀ ਹਜ਼ੂਰੀ ਵਿਚ ਬੀਤਾਇਆ ਸੀ। ਸਾਂਈ ਮੀਆਂ ਮੀਰ ਜੀ ਦਾ ਗੁਰੂ ਅਰਜਨ ਦੇਵ ਜੀ ਅਤੇ ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਹੁਤ ਸਨੇਹ ਸੀ। ਸਾਂਈ ਜੀ, ਨਿਜ਼ਾਮੁਦੀਨ ਔਲੀਆ ਅਤੇ ਫਖਰੁਦੀਨ ਸਾਹਿਬ ਨਾਲ ਬਾਦਸ਼ਾਹ ਕੋਲ ਗਏ ਅਤੇ ਗਲਾਂ ਗਲਾਂ ਵਿਚ ਸਾਂਈ ਮੀਆਂ ਮੀਰ ਜੀ ਨੇ ਕਿਹਾ ਕਿ ਤੈਨੂੰ ਆਰਾਮ ਕਿਵੇਂ ਆਵੇ ਜਦੋਂ ਤੂੰ ਇਕ ਬ੍ਰਹਮ ਗਿਆਨੀ ਨੂੰ ਕੈਦ ਕੀਤਾ ਹੋਇਆ ਹੈ।

ਜਹਾਂਗੀਰ ਨੇ ਪੁਛਿਆ ਕਿ ਕੋਈ ਬ੍ਰਹਮ ਗਿਆਨੀ ਹੈ ਵੀ। ਤਾਂ ਸਾਂਈ ਜੀ ਨੇ ਕਿਹਾ ਕਿ ਇਕ ਬ੍ਰਹਮ ਗਿਆਨੀ ਨੂੰ ਤੂੰ ਨਿਰਦੋਸ਼ ਹੀ ਤਸੀਹੇ ਦੇ ਕੇ ਲਾਹੌਰ ਵਿਖੇ ਸ਼ਹੀਦ ਕਰਵਾ ਦਿਤਾ ਅਤੇ ਦੂਜਾ ਤੂੰ ਕੈਦ ਕੀਤਾ ਹੋਇਆ ਹੈ। ਬਾਦਸ਼ਾਹ ਨੇ ਕਿਹਾ ਕਿ ਤੁਸੀਂ ਪਹਿਲਾਂ ਕਿਉਂ ਨਹੀਂ ਦਸਿਆ। ਸਾਂਈ ਜੀ ਨੇ ਗੁਰੂ ਹਰਿਗੋਬਿੰਦ ਜੀ ਬਾਰੇ ਇਹ ਸ਼ਬਦ ਵੀ ਕਹੇ ਸਨ ਜੋ ਮਹਿਮਾ ਪ੍ਰਕਾਸ (ਵਾਰਤਕ) ਵਿਚ ਅੰਕਿਤ ਹਨ:

"ਹਰਿਗੋਬਿੰਦ ਜੋ ਹੈ, ਸੋ ਮਕਬੂਲ ਇਲਾਹੀ ਹੈ। ਅਰ ਜਬ ਹਮਾਰੀ ਆਠਵੇਂ ਦਿਨ ਖੁਦਾ ਦੀ ਦਰਗਾਹ ਮੇਂ ਵਾਰੀ ਹੋਤੀ ਹੈ। ਉਹਾਂ ਜਾਕਰ ਹਮ ਅਰਜ਼ ਕਰਤੇ ਹੈਂ। ਅਰ ਇਨ ਹੀ ਕੋ ਦੇਖਤੇ ਹੈ।" ਦੂਜੇ ਦੋ ਪੀਰਾਂ ਨਿਜ਼ਾਮੁਦੀਨ ਔਲੀਆ ਤੇ ਫਖਰੁਦੀਨ ਸਾਹਿਬ ਨੇ ਵੀ ਗੁਰੂ ਜੀ ਦੀ ਰਿਹਾਈ ਲਈ ਜ਼ੋਰ ਪਾਇਆ।

ਬੇਗਮ ਨੂਰਜਹਾਨ ਉਤੇ ਮੀਆਂ ਮੀਰ ਜੀ ਦੀ ਗਲ ਦਾ ਬਹੁਤ ਅਸਰ ਹੋਇਆ। "ਬੰਸਾਵਲੀ ਨਾਮਾ ਪਾਤਸ਼ਾਹੀਆਂ ਦਸਾਂ ਕਾ" ਦੇ ਸ਼ਬਦਾਂ ਵਿਚ :—

ਨੂਰ ਜਹਾਨ ਬੇਗਮ ਖਾਵੰਦ ਨੂੰ ਕਹਿਆ ਐਸੇ।



Sri Satguru Jagjit Singh Ji eLibrary NamdhariElibrary@gmail.com

ਫ਼ਕੀਰ ਜਾਤ ਹੈ ਸਾਂਈ ਦੀ ਸਾਂਈ ਜੈਸੇ ;
ਕੈਦ ਨਹੀਂ ਕਰੀਏ ਕਹੇ ਕਹਾਏ।
ਫਕੀਰ ਦੀ ਮਾਰੀ ਕੌਮ ਨਹੀਂ ਹਟਾਏ।

ਹੁਣ ਜਹਾਂਗੀਰ ਬਾਦਸ਼ਾਹ ਨੇ ਬਹੁਤ ਪਛਤਾਵਾਂ ਕੀਤਾ ਕਿ ਉਸ ਤੋਂ ਬਹੁਤ ਵਡੀ ਗਲਤੀ ਹੋਈ ਹੈ :—

ਮੈਂ ਸੋ ਭਈ ਬਡੀ ਤਕਸੀਰ।
ਬੇ-ਮੁਜਬ ਦੁਖ ਦੀਆ ਫਕੀਰ।

ਦੁਖੇ ਫ਼ਕੀਰ ਰਬ ਨਹੀਂ ਰਾਜ਼ੀ (ਸਾਖੀ ਤੀਜੀ ਪਾਤਸ਼ਾਹੀ ਛੇਵੀ, ਮਹਿਮਾ ਪ੍ਰਕਾਸ਼)

ਜਹਾਂਗੀਰ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿਤਾ ਪਰ ਗੁਰੂ ਜੀ ਨੇ ਕਿਹਾ ਕਿ ਉਹਨਾਂ ਨਾਲ ਸਾਰੇ ੫੨ ਰਾਜੇ ਵੀ ਰਿਹਾ ਕੀਤੇ ਜਾਣ ਕਿਉਂਕਿ ਉਹਨਾਂ ਨੇ ਗੁਰੂ ਜੀ ਨੂੰ ਗਿੜਗੜਾਕੇ ਬੇਨਤੀ ਕੀਤੀ ਸੀ ਕਿ ਉਹ ਕਿਲ੍ਹੇ ਵਿਚ ਹੀ ਅੱਡੀਆਂ ਰਗੜਦੇ ਮਰ ਜਾਂਣਗੇ ਪਰ ਕਿਸੇ ਨੇ ਬਾਤ ਨਹੀਂ ਪੁਛਣੀ। ਜਹਾਂਗੀਰ, ਸਾਰੇ ਰਾਜਿਆਂ ਨੂੰ ਛਡਣਾ ਨਹੀਂ ਸੀ ਚਾਹੁੰਦਾ ਪਰ ਦੂਜੇ ਪਾਸੇ ਉਸਦੀ ਖਲਾਸੀ ਨਹੀਂ ਸੀ ਹੋ ਰਹੀ ਅਖੀਰ ਬਾਦਸ਼ਾਹ ਨੇ ਫੈਸਲਾ ਕੀਤਾ ਕਿ ਜੋ ਵੀ ਗੁਰੂ ਜੀ ਦਾ ਚੋਲਾ ਪਕੜ ਕੇ ਬਾਹਰ ਨਿਕਲ ਜਾਂਵੇ, ਉਸ ਨੂੰ ਰਿਹਾਅ ਕੀਤਾ ਜਾਵੇਗਾ ਅਤੇ ਜੋ ਨਾ ਪਕੜ ਸਕੇ, ਉਹ ਕੈਦ ਵਿਚ ਰਹੇਗਾ। ਗੁਰੂ ਜੀ ਨੇ ੫੨ ਕਲੀਆਂ ਵਾਲਾ ਚੋਲਾ ਪਹਿਨਿਆ ਅਤੇ ਹਰ ਕਲੀ ਹਰ ਰਾਜੇ ਨੂੰ ਪਕੜਾਕੇ ਕਿਲ੍ਹੇ ਤੋਂ ਬਾਹਰ ਲਿਆਂਦਾਂ ਅਤੇ ੫੨ ਰਾਜੇ ਆਜ਼ਾਦ ਕਰਵਾਏ। ਗੁਰੂ ਜੀ ੧੬੧੨ ਈਸਵੀ ਦੇ ਦੀਵਾਲੀ ਦੇ ਪੁਰਬ ਤੇ ਸ੍ਰੀ ਅੰਮ੍ਰਿਤਸਰ ਪੁਜੇ ਤਾਂ ਸਿਖ ਜਗਤ ਨੇ ਬੜੀ ਖੁਸ਼ੀ ਨਾਲ ਇਹ ਪੁਰਬ ਮਨਾਇਆ। +


REPUTED MANUFACTURER OF :

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER

Phone : 3805

**MODERN GUN WORKS**

**Opp. Industrial Estate,**
**JAMMU CANTT.**





Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਗ਼ਜ਼ਲ

—ਪ੍ਰਕਾਸ਼ ਕੌਰ 'ਹਮਦਰਦ'

ਬਹਾਰ ਆਈ ਹੈ ਮੁੜ ਮੁੜ ਕੇ ਮਗਰ ਦਿਲਦਾਰ ਨਾ ਆਇਆ।
ਜੋ ਗ਼ਮ ਦੇ ਕੇ ਗਿਆ ਮੈਨੂੰ ਉਹ ਫਿਰ ਗਮਖ਼ਾਰ ਨਾ ਆਇਆ।

ਕਿਸੇ ਨੂੰ ਤੋਰਿਆ ਹੱਥੀਂ, ਵਿਦਾ ਰੋ ਰੋ ਕੇ ਖ਼ੁਦ ਕੀਤਾ
ਮਗਰ ਇਸ ਦਿਲ ਨੂੰ ਉਸ ਦੇ ਜਾਣ ਦਾ ਇਤਬਾਰ ਨਾ ਆਇਆ।

ਮੇਰਾ ਦਿਲ ਹੋ ਗਿਆ ਪੱਥਰ ਇਹ ਦਿਲ ਹੁਣ ਦਿਲ ਨਹੀਂ ਲਗਦਾ
ਤੇਰੇ ਤੁਰ ਜਾਣ ਮਗਰੋਂ ਮੁੜਕੇ ਦਿਲ ਵਿਚ ਪਿਆਰ ਨਾ ਆਇਆ।

ਸੁਨੇਹਾ ਦਰਦ ਦਾ ਦਿੱਤਾ ਉਡੀਕਾਂ ਲਾਕੇ ਬੈਠੀ ਹਾਂ
ਤੇਰੀ 'ਹਾਂ' ਵੀ ਨਹੀਂ ਆਈ ਤੇਰਾ ਇਨਕਾਰ ਨਾ ਆਇਆ।

ਗ਼ਜ਼ਲ ਨੂੰ ਕਰ ਗਿਆ ਜ਼ਿੰਦਾ ਉਹ ਫ਼ਨ ਨੂੰ ਦੇ ਗਿਆ ਜੀਵਨ
ਕੀ ਹੋਇਆ ਜੇ ਮੁੜਕੇ ਫਿਰ **ਕਦੀ** ਫ਼ਨਕਾਰ ਨਾ ਆਇਆ।

ਜਿਹਨੀਂ ਰਾਹੀਂ ਤੂੰ ਆਉਣਾ ਸੀ ਉਹਨਾਂ ਰਾਹਾਂ ਤੇ ਘਾਹ ਉਗਿਐ
ਤੇਰੇ ਘਰ ਆਉਣ ਦਾ ਮੁੜਕੇ ਕਦੇ ਇਨਕਾਰ ਨਾ ਆਇਆ।

ਗਿਆ **ਐਸੀ** ਜਗ੍ਹਾ ਕੋਈ ਨਾ ਜਿਥੋਂ ਪਰਤਿਆ ਕੋਈ
ਤਮੰਨਾ ਹੈ ਕਿ ਘਰ ਆਏ ਉਹ ਹੈ ਲਾਚਾਰ ਨਾ ਆਇਆ।

ਉਹੀ ਸੰਸਾਰ ਹੈ ਹੁਣ ਵੀ ਉਹੀ ਰੌਣਕ ਉਹੀ ਮੇਲੇ
ਤੇਰੇ ਸੰਗ ਮਾਣਿਆ ਸੀ ਜੋ ਉਹ ਮੁੜ ਸੰਸਾਰ ਨਾ ਆਇਆ।

ਗ਼ਜ਼ਲ ਦੇ ਬਾਦਸ਼ਾਹ ਮਗਰੋਂ ਗ਼ਜ਼ਲ ਕਹਿੰਦੀ ਹੈ ਹੁਣ ਮਲਿਕਾ
ਉਹ ਜਹਾਂਗੀਰ ਨਾ ਆਇਆ ਤੇ ਉਹ ਦਰਬਾਰ ਨਾ ਆਇਆ।

ਸਫ਼ਰ ਵਿਚ ਜਾਨ ਕੱਲ੍ਹੀ ਨੂੰ ਕਿਤੇ 'ਪ੍ਰਕਾਸ਼' ਨਹੀਂ ਦਿਸਦਾ
ਭਟਕਦੀ ਜਿੰਦ ਰਾਹਾਂ ਵਿਚ ਕਿਤੇ ਘਰਬਾਰ ਨਾ ਆਇਆ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

—ਨਾਜਰ ਸਿੰਘ 'ਤਰਸ'

ਨਾ ਲੂਣ ਪੀਹਕੇ ਪਾਣ ਦੀ ਕੋਸ਼ਸ਼ ਕਰੋ ।
ਜ਼ਖਮਾਂ ਤੇ ਮਲ੍ਹਮ ਲਾਣ ਦੀ ਕੋਸ਼ਸ਼ ਕਰੋ ।

ਇਹ ਠੀਕ ਹੈ ਅਜ ਪਹੁੰਚ ਹੋਈ ਚੰਦ ਤੇ,
ਇਨਸਾਨੀਅਤ ਤਕ ਜਾਣ ਦੀ ਕੋਸ਼ਸ਼ ਕਰੋ ।

ਸੇਵਾ ਨੂੰ ਮੇਵਾ ਲਗਦਾ ਦੁਨੀਆ ਕਹੇ,
ਸੇਵਾ ਦਾ ਮੇਵਾ ਖਾਣ ਦੀ ਕੋਸ਼ਸ਼ ਕਰੋ ।

ਫੁੱਲਾਂ ਚੋਂ ਮਹਿਕਾਂ ਲੈਣ ਨੂੰ ਕਿਉਂ ਭਟਕਦੇ,
ਖੁਦ ਆਪ ਨੂੰ ਮਹਿਕਾਣ ਦੀ ਕੋਸ਼ਸ਼ ਕਰੋ ।

ਹੈ ਵਕਤ ਹੁਣ ਅਜ਼ਲਾਂ ਤੋਂ ਬੁਝਿਓ ਦੀਵਿਓ,
ਦੁਨੀਆਂ ਨੂੰ ਜਗਮਗਾਣ ਦੀ ਕੋਸ਼ਸ਼ ਕਰੋ ।

ਕੀ ਮਨਾਉਣਾ ਰੱਬ ਨੂੰ ਰੁੱਸਿਆ ਰਹੇ,
ਬੰਦੇ ਨੂੰ ਪਰ ਮਨਾਣ ਦੀ ਕੋਸ਼ਸ਼ ਕਰੋ ।

ਦੂਜੇ ਨੂੰ ਮੱਤਾਂ ਦੇਣ ਤੋਂ ਹੇ 'ਤਰਸ' ਜੀ,
ਮਨ ਆਪਣਾ ਸਮਝਾਣ ਦੀ ਕੋਸ਼ਸ਼ ਕਰੋ ।

## ਗ਼ਜ਼ਲ

—ਨਛੱਤਰ ਸਿੰਘ ਕੰਵਲ

ਕੌਣ ਸੂਲੀ ਚੁੰਮ ਕੇ ਰਹਿਬਰ ਗਿਆ ।
ਜ਼ਿੰਦਗੀ ਵਿਚ ਰੰਗ ਸੱਤੇ ਭਰ ਗਿਆ ।
ਉਬਲਕੇ ਦੇਗੀਂ ਤੇ ਬਹਿ ਤੱਤੀ ਤਵੀ
ਇਕ ਨਵਾਂ ਇਤਹਾਸ ਪੈਦਾ ਕਰ ਗਿਆ ।
ਅਪਣੀ ਆਈ ਤੇਂ ਮਰਦਾ ਹਰ ਬਸ਼ਰ
ਉਹ ਅਮਰ ਹੈ ਮੌਤ ਨੂੰ ਜੋ ਵਰ ਗਿਆ ।
ਅਪਣਾ ਦੁਖੜਾ ਮੈਂ ਸੁਣਾਂਦਾ ਕਿਸ ਤਰ੍ਹਾਂ
ਸੀ ਦੁਖੀ ਉਹ ਵੀ ਜਿਦੇ ਮੈਂ ਘਰ ਗਿਆ ।
ਉਮਰ ਭਰ ਨ੍ਹੇਰੇ ਚ ਰਖਿਆ ਸੀ ਜਿਨੇਂ
ਬਾਲ ਕੇ ਦੀਵਾ ਮੜ੍ਹੀ ਤੇ ਧਰ ਗਿਆ ।
ਫੇਰ ਮਿਤਰ ਬਣਕੇ ਮਾਰੀਂ ਤੀਰ ਤੂੰ
ਪਹਿਲਾਂ ਵਾਲਾ ਜ਼ਖਮ ਤਾਂ ਹੁਣ ਭਰ ਗਿਆ ।
ਹੌਸਲੇ ਦੀ ਦਾਦ ਦੇਵੋ ਦੋਸਤੋ
ਮਰਨ ਵਾਲਾ ਡੁੱਬਕੇ ਹੈ ਤਰ ਗਿਆ ।
ਇਸ ਕਦਰ ਖਾਧੇ ਨੇ ਧੋਖੇ ਵਾਰ ਵਾਰ
ਦੋਸਤੀ ਦੇ ਨਾਮ ਤੋਂ ਦਿਲ ਡਰ ਗਿਆ ।
ਇਹ ਅਜ਼ਲ ਤੋਂ ਹੀ ਭਟਕਦੀ ਫਿਰ ਰਹੀ
ਜ਼ਿੰਦਗੀ ਨੂੰ ਕੌਣ ਟੂਣਾ ਕਰ ਗਿਆ ।

## ਗ਼ਜ਼ਲ

—ਆਰਿਫ਼ ਗੋਬਿੰਦਪੁਰੀ

ਕਿਸ ਬਾਤ ਕਾ ਝਗੜਾ ਹੈ ਕਿਓਂ ਬਾਤ ਵਧਾਈ ਹੈ ?
ਉਹ ਬਾਤ ਨਾ ਕਰ ਮੁੜ ਮੁੜ ਜੋ ਬਾਤ ਮੁਕਾਈ ਹੈ ।

ਅਪਣੀ ਹੀ ਖ਼ਬਰ ਜਿਸ ਨੂੰ ਅਜ ਤੀਕ ਨਹੀਂ ਹੋਈ
ਮੰਨਾਂ ਮੈਂ ਕਿਵੇਂ ਉਸਦੀ, ਰੱਬ ਤੀਕ ਰਸਾਈ ਹੈ ।

ਉਸ ਦਿਨ ਤੋਂ ਮੇਰੇ ਦਿਲ ਵਿਚ ਨਾ ਹੋਰ ਰਿਹਾ ਕੋਈ
ਜਿਸ ਦਿਨ ਤੋਂ ਤੇਰੀ ਉਲਫ਼ਤ, ਇਸ ਦਿਲ 'ਚ ਸਮਾਈ ਹੈ ।

ਇਹ ਮਾਣ ਮੁਹੱਬਤ ਵਿਚ ਹਾਸਿਲ ਹੈ ਤਾਂ ਮੈਨੂੰ ਹੈ
ਜਿਸ ਨਾਲ ਵੀ ਲਾਈ ਹੈ, ਮੈਂ ਤੋੜ ਨਿਭਾਈ ਹੈ ।

ਰੁਸ਼ਨਾਂਦੀ ਏ ਰਾਹ ਮੇਰਾ ਇਹ ਗ਼ਮ ਦੇ ਹਨੇਰੇ ਵਿਚ
ਉਲਫਤ ਦੀ ਸ਼ਮਾਅ ਜੋ ਤੂੰ, ਇਸ ਦਿਲ ਚ ਜਗਾਈ ਹੈ ।

ਏਸੇ ਦੀ ਬਦੌਲਤ ਹੀ ਮੈਂ ਨਸ਼ਰ ਹਾਂ ਥਾਂ ਥਾਂ ਤੇ
ਜੋ ਪੀੜ ਮੈਂ ਬਿਰਹਾ ਦੀ, ਸੀਨੇ ਚ ਛੁਪਾਈ ਹੈ ।

ਇਸ ਸ਼ਹਿਰ ਦੇ ਬੁੱਤ ਸੋਹਣੇ ਕਰਦੇ ਨੇ ਜਫ਼ਾ ਹਰਦਮ
ਲਭਦਾ ਏ ਵਫ਼ਾ ਏਥੇ, 'ਆਰਿਫ' ਵੀ ਸੁਦਾਈ ਹੈ ।

## ਗ਼ਜ਼ਲ

—ਹਰਬੰਸ ਕੈਂਥ

ਚੋਰੀ, ਲੁੱਟਾਂ ਖੋਹਾਂ ਧਾੜੇ ਮੁਕਣਗੇ ।
ਘਰ ਘਰ ਪੈਂਦੇ ਚੀਕ ਚਿਹਾੜੇ ਮੁਕਣਗੇ ।

ਹੋ ਜਾਣਾ ਏ ਨਾਸ ਇਥੋਂ ਤਲਵਾਰਾਂ ਦਾ ।
ਚਲਦੇ ਖੂਨੀ ਤੇਜ਼ ਕੁਹਾੜੇ ਮੁਕਣਗੇ ।

ਹੱਕਦਾਰਾਂ ਨੇ ਹੱਕ ਲੈਣੇ ਨੇ ਏਕੇ ਨਾਲ ।
ਕਰਕੇ ਮਿਹਨਤ ਕੱਢਣੇ ਹਾੜੇ ਮੁਕਣਗੇ ।

ਮਾਨਵਤਾ ਦਾ ਝੰਡਾ ਏਥੇ ਝੂਲੇਗਾ ।
ਮਜ਼ਹਬ ਵਾਲੇ ਸੱਭ ਪੁਆੜੇ ਮੁਕਣਗੇ ।

ਜ਼ਿੰਦਗਾਨੀ ਪਰ ਲੁਤਫ ਬਣੇਗੀ ਧੀਆਂ ਦੀ ।
ਭਾਰਤ ਚੋਂ ਜਦ ਲੋਭੀ ਲਾੜੇ ਮੁਕਣਗੇ ।

ਅੱਲਾਹ ਮਿਹਰ ਕਰੇਗਾ ਯਾਰ ਮਿਲੂ ਆਕੇ ।
ਦਿਲ ਤੋਂ ਦਿਲ ਦੇ ਵਧਦੇ ਪਾੜੇ ਮੁਕਣਗੇ ।


Sri Satguru Jagjit Singh Ji eLibrary NamdhariElibrary@gmail.com

ਨਜ਼ਮ

# ਮੈਂ ਇੰਝ ਤਾਂ ਨਹੀਂ ਸੀ ਚਾਹਿਆ

—ਮਹਿੰਦਰ ਭੱਟੀ—

ਮੈਂ ਇੰਝ ਤਾਂ ਨਹੀਂ ਸੀ ਚਾਹਿਆ
ਕਿ
ਜੋ ਹਵਾ ਮੇਰੇ ਕਮਰੇ 'ਚ ਆਵੇ
ਉਹ ਮਿਥਾਈਲ-ਆਈਸੋ-ਸਾਇਆਨੇਟਾਂ× ਬਣ ਜਾਵੇ।
ਤੇ ਜੋ ਧੁੱਪ ਮੇਰੇ ਕਮਰੇ 'ਚ ਆਵੇ
ਉਹ ਹਾੜ ਬਣ ਜਾਵੇ
ਤੇ ਠੰਢੀ ਹਵਾ
ਕੱਕਰ ਬਣ ਜਾਵੇ।
ਮੈਂ ਇੰਝ ਤਾਂ ਨਹੀਂ ਸੀ ਚਾਹਿਆ।

ਮੈਂ ਇੰਝ ਤਾਂ ਨਹੀਂ ਸੀ ਚਾਹਿਆ
ਸਬੂਤਾ ਚੰਨ-ਸਬੂਤਾ ਸੂਰਜ
ਮੇਰੇ ਘਰ ਸਮਾ ਜਾਵੇ।
ਮੈਂ ਤਾਂ ਭੋਰਾ ਕੁ ਚੰਨ
ਭੋਰਾ ਕੁ ਸੂਰਜ
ਹੀ ਚਾਹਿਆ 'ਸੀ।
ਮੇਰੇ ਹਿੱਸੇ ਐਪਰ
ਜੋ ਚੰਨ ਆਇਆ
ਉਹ ਗ੍ਰਹਿਣਿਆ ਗਿਆ ਸੀ।
ਮੇਰੇ ਹਿੱਸੇ
ਜੋ ਸੂਰਜ ਆਇਆ
ਉਹ ਵੀ ਗ੍ਰਹਿਣਿਆ ਗਿਅ ਸੀ!
ਮੈਂ ਇੰਝ ਤਾਂ ਨਹੀਂ ਸੀ ਚਾਹਿਆ।
ਮੈਂ ਇਹ ਵੀ ਨਹੀਂ ਸੀ ਚਾਹਿਆ
ਕਿ
ਰਾਤ ਰਾਣੀ ਦੀ ਸਾਰੀ ਖ਼ੁਸ਼ਬੋ
ਮੇਰੇ ਘਰ ਦੀ ਸਾਰੀ ਫ਼ਿਜ਼ਾ 'ਚ
ਫੈਲ ਜਾਵੇ।
ਮੈਂ ਇਹ ਵੀ ਨਹੀਂ ਸੀ ਚਾਹਿਆ
ਕਿ
ਸਾਰੇ ਬਗੀਚੇ ਦੀ ਮਹਿਕ
ਖਿੰਡ ਜਾਵੇ ਮੇਰੇ ਘਰ ਵਿਚ।
ਮੈਂ ਤਾਂ ਸਿਰਫ਼ ਖੁਸ਼ਬੋ ਦਾ
ਅਹਿਸਾਸ ਚਾਹਿਆ ਸੀ।'
ਖ਼ੁਮਾਰੀ ਚਾਹੀ ਸੀ।
ਪਰ ਮੇਰੇ ਘਰ ਦੀ ਫ਼ਜ਼ਾ 'ਚ
ਜੋ ਖ਼ੁਸ਼ਬੋ ਆਈ
ਰਾਤ ਰਾਣੀ ਦੀ—ਫੁੱਲਾਂ ਦੀ
ਉਹ ਵਿਸ ਬਣ ਗਈ ਸੀ।
ਮੈਂ ਵਿਚ ਤਾਂ ਨਹੀਂ ਸੀ ਚਾਹੀ,
ਜੋ ਨੱਸ ਨੱਸ 'ਚ ਫੈਲ ਜਾਵੇ।
ਮੈਂ ਇੰਝ ਤਾਂ ਨਹੀਂ ਸੀ ਚਾਹਿਆ।
ਮੈਂ ਇਹ ਵੀ ਨਹੀਂ ਸੀ ਚਾਹਿਆ
ਕਿ
ਸਾਰੇ ਗ੍ਰਹਿ
ਮੇਰੇ ਮੱਥੇ ਤੇ ਸਿਮਟ ਜਾਣ।
ਮੇਰਾ ਮਸਤਕ ਆ ਦਮਕਾਣ।
ਮੈਂ ਤਾਂ ਸਿਰਫ਼
ਗ੍ਰਹਿਆਂ ਦੀ
ਰੋਸ਼ਨੀ ਚਾਹੀ ਸੀ
ਜੋ ਬੂਹੇ ਦੀ ਝੀਤ ਥਾਈਂ ਲੰਘ
ਮੇਰਾ ਘਰ ਰੁਸ਼ਨਾ ਜਾਵੇ।
ਮੈਂ ਘੁੱਪ ਹਨੇਰਾ ਤਾਂ
ਨਹੀਂ ਸੀ ਚਾਹਿਆ।
ਮੈਂ ਇੰਝ ਤਾਂ ਨਹੀਂ ਸੀ ਚਾਹਿਆ।
ਮੈਂ ਇਹ ਤਾਂ ਨਹੀਂ ਸੀ ਚਾਹਿਆ।

---

× ਮਿਥਾਈਲ-ਆਈਸੋ-ਸਾਇਆਨੇਟ ਜ਼ਹਿਰੀ ਗੈਸ, ਜਿਸ ਦੇ ਲੀਕ ਹੋਣ ਨਾਲ ਭੁਪਾਲ 'ਚ ਹਜ਼ਾਰਾਂ ਲੋਕ ਮਰ ਗਏ ਸਨ।


Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of.

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 536093

# BALWANT SINGH & SONS

Offce : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 NEW DELHI-110064

Sri Satguru Jagjit Singh Ji eLibrary NamdhariElibrary@gmail.com

ਸੋਵੀਅਤ ਯੂਨੀਅਨ ਵਿਚ ੧੪ ਦਿਨ (੫)

# ...ਲੈਨਿਨਗਰਾਦ

—ਜਗਦੀਸ਼ ਸਿੰਘ

੩ ਅਕਤੂਬਰ ਮੰਗਲਵਾਰ ਹੋਟਲ ਤੋਂ ਬਾਹਰ ਨਿਕਲੇ ਤਾਂ ਤਾਪਮਾਨ ਸਿਫਰ ਤੋਂ ਤਿੰਨ ਦਰਜੇ ਥਲੇ ਜਗਮਗਾ ਰਿਹਾ ਸੀ। ਪਰ ਅੱਜ ਮੌਸਮ ਦੀ ਸੰਭਾਵਨਾ ਦੇ ਐਨ ਉਲਟ ਸੂਰਜ ਨਿਕਲ ਆਇਆ ਸੀ। ਸ਼ੁਰੂ ਤੋਂ ਹੀ ਲੈਨਿਨਗਰਾਦ ਦੀ ਠੰਢ ਤੇ ਬਹੁਤ ਚਰਚੇ ਸਨ! ਡਰਦੇ ਲੋਕਾਂ ਕਪੜੇ ਵੀ ਬਚਾਅ ਦੇ ਬਹੁਤ ਪਾਏ ਹੋਏ ਸਨ। ਇੰਗਲੈਂਡ ਯਾਤਰਾ ਸਮੇਂ ਮੈਨੂੰ ਗੁਰ ਸਮਝਾਇਆ ਗਿਆ ਸੀ ਕਿ ਗਰਮ ਕਪੜੇ ਜ਼ਰੂਰ ਪਾਈ ਰਖਣੇ ਹਨ। ਜੇ ਗਰਮੀ ਵੀ ਲਗੇ ਤਦ ਵੀ। ਗਰਮੀ ਨੇ ਨੁਕਸਾਨ ਨਹੀਂ ਕਰਨਾ ਪਰ ਸਰਦੀ ਅੱਜ ਲਗਣੀ ਹੈ ਸਿੱਟਾ ਕਿੰਨੇ ਦਿਨ ਬਾਦ ਨਿਕਲਣਾ ਹੈ।

ਅੱਜ ਸੂਰਜ ਦੇਵਤੇ ਦੇ ਸਾਖਿਆਤ ਦਰਸ਼ਨ ਚਮਤਕਾਰ ਤੋਂ ਘਟ ਗੱਲ ਨਹੀਂ ਸੀ। ਇਸ ਵਿਸ਼ਾਲ ਤੇ ਨਵੀਨ ਹੋਟਲ ਪਰੀਬਾਲਟੀਸਕਾਯਾ ਦੇ ਸਾਹਮਣੇ ਪੱਥਰਾਂ ਦੇ ਸਿਹਨ ਤੇ ਅੱਜ ਦੀ ਦਿਹਾੜੀ ਦੀ ਯਾਤਰਾ ਲਈ ਚੜ੍ਹਣ ਵਾਸਤੇ ਬਹੁਤ ਲੋਕ ਜਮਾਂ ਹੋ ਗਏ ਸਨ। ਇਸੇ ਵੇਲੇ ਦੂਰ ਪੌੜੀਆਂ ਚੜ੍ਹਦੀ ਗਾਈਡ ਤਾਨੀਆ ਆ ਰਹੀ ਸੀ। ਨਮਸਤੇ ਬਾਅਦ ਅਸੀਂ ਉਸ ਦੀ ਕੱਲ੍ਹ ਦੀ ਗੱਲ ਦੇ ਪਰਸੰਗ ਵਿਚ ਕਿਹਾ ਕਿ ਮੈਡਮ ਤੂੰ ਸੂਰਜ (Sun) ਮੰਗਿਆ ਸੀ। ਲੈ ਤੇਰੀ ਮੁਰਾਦ ਪੂਰੀ ਕਰ ਦਿਤੀ ਹੈ। ਉਹ ਬਹੁਤ ਹੱਸੀ ਤੇ ਚੰਗੇ ਮੌਸਮ ਦੀ ਆਮਦ ਦੀ ਖੁਸ਼ੀ ਜ਼ਾਹਰ ਕੀਤੀ। ਅਸੀਂ ਕਿਹਾ ਤੁਸੀਂ ਲੋਕ ਸਾਨੂੰ ਸਰਦੀ ਤੋਂ ਹੀ ਡਰਾਉਂਦੇ ਰਹੇ ਹੋ ਅਸੀਂ ਤਾਂ ਗਰਮੀ ਵਿਚ ਮਰ ਰਹੇ ਹਾਂ। ਕਹਿਣ ਲਗੀ ਇਹ ਵੀ ਠੀਕ ਗੱਲ ਹੈ।

ਅੱਜ ਦਾ ਪ੍ਰੋਗਰਾਮ ਵਾਹਵਾ ਪੀਚਵਾਂ ਸੀ। ਪਹਿਲਾਂ ਤਾਂ ਵੱਖ ਵੱਖ ਗਰੁਪਾਂ ਨੇ ਅਪਣੀ ਮਰਜ਼ੀ ਅਨੁਸਾਰ ਵੱਖ ਵੱਖ ਸਕੂਲ ਦੇਖਣ ਜਾਣਾ ਸੀ। ਦੁਪਹਿਰ ਖਾਣੇ ਬਾਦ ਸੰਸਾਰ ਪ੍ਰਸਿੱਧ ਗਿਰਜਾ ਘਰ ਸੰਤ ਆਈਜ਼ਕ ਦਾ ਕੈਥੀਡਰਲ ਦੇਖਣਾ ਸੀ ਅਤੇ ਰਾਤ ਨੂੰ ਸੰਸਾਰ ਪ੍ਰਸਿੱਧ ਰੂਸੀ ਬੈਲੇ ਨ੍ਰਿਤ ਦੇਖਣਾ ਸੀ। ਅਸੀਂ ਹੁਣ ਦੇ ਪ੍ਰੋਗਰਾਮ ਵਿਚ ਹਿੰਦੀ ਸਕੂਲ ਵੇਖਣ ਨੂੰ ਪਹਿਲ ਦਿਤੀ।

ਘੰਟੇ ਕੁ ਬਾਦ ਸਾਡੇ ਚਲਣ ਤੋਂ ਪਹਿਲਾਂ ਹੀ ਮੁੜ ਬਾਰਸ਼ ਸ਼ੁਰੂ ਹੋ ਗਈ ਤੇ ਅਸੀਂ ਹੋਟਲ ਦੇ ਅੰਦਰ ਮੁੜ ਆਏ। ਇਸ ਵੇਲੇ ਸ੍ਰੀਮਤੀ ਊਸ਼ਮਾ ਰੇਖੀ ਅਤੇ ਉਹਨਾਂ ਦੀ ਸਪੁਤਰੀ ਜ਼ੋਇਆ ਵਾਹੋ ਦਾਹੀ ਵਰਦੇ ਮੀਂਹ ਵਿਚ ਬਾਹਰ ਨੂੰ ਜਾ ਰਹੀਆਂ ਸਨ। ਮੇਰੇ ਪੁਛਣ ਤੇ ਕਿ ਤੁਸੀਂ ਮੀਂਹ ਵਿਚ ਕਿਧਰ ਧਾਈ ਕੀਤੀ ਹੈ ਜ਼ੋਇਆ ਮੁੜ ਕੇ ਆਈ ਤੇ ਕਹਿਣ ਲਗੀ ਕਿ ਇਥੇ ਬਹੁਤ ਵੱਡਾ ਅਜਾਇਬ ਘਰ ਹੈ 'ਹਰਮੀਤਾਜ', ਮਾਮਾ ਨੇ ਅਗੇ ਵੀ ਵੇਖਿਆ ਹੋਇਆ ਹੈ ਬਹੁਤ ਅਸਚਰਜ ਬਹੁਤ ਵਿਸ਼ਾਲ ਹੈ। ਉਸ ਨੂੰ ਵੇਖਣ ਲਈ ਪੂਰੀ ਉਮਰ ਚਾਹੀਦੀ ਹੈ। ਅਸੀਂ ਇਸ ਜਗਤ ਪ੍ਰਸਿੱਧ ਅਜਾਇਬ ਘਰ ਨੂੰ ਵੇਖਣ ਚਲੀਆਂ ਹਾਂ। ਤੁਸੀਂ ਚਲਣਾ ਹੈ ਤਾਂ ਨਾਲ ਚਲੋ। ਪਰ ਅਸਾਂ ਹਿੰਦੀ ਸਕੂਲ ਵੇਖਣ ਦਾ ਮਨ ਬਣਾਇਆ ਹੋਇਆ ਸੀ।

ਬੱਸਾਂ ਨੇ ਅਛੋਪਲੇ ਜਿਹੇ ਹਿੰਦੀ ਸਕੂਲ ਦੀ ਇਮਾਰਤ ਦੇ ਸਾਹਮਣੇ ਜਾ ਉਤਾਰਿਆ। ਰਸਤੇ ਵਿਚ ਸਟੇਡੀਅਮ, ਕਿੰਡਰ ਗਾਰਟਨ ਸਕੂਲ ਅਤੇ ਰਿਹਾਇਸ਼ੀ ਇਲਾਕੇ ਆਏ ਸਨ। ਅਸੀਂ ਮੁੜ ਸ਼ੁਰੂ ਹੋਈ ਬੂੰਦਾ-ਬਾਂਦੀ ਵਿਚ ਹੀ ਸਕੂਲ ਦੇ ਮੁਖ ਦਰਵਾਜ਼ੇ ਤੇ ਪਹੁੰਚੇ। ਬਾਹਰ ਦੇਵਨਾਗਰੀ ਲਿਪੀ ਵਿਚ ਲਿਖਿਆ ਹੋਇਆ ਸੀ।

"ਸ਼ਿਕਸ਼ਾ ਮੰਤਰਾਲਯ ਲੈਨਿਨਗਰਾਦ ਕਾ ਮੁਖ ਸਿਖਸ਼ਾ ਵਿਭਾਗ। ਆਵਾਸੀਯ ਦਸ ਵਰਸ਼ੀਅ ਵਿਦਿਆਲਾ ਨੰਬਰ ੪।"

ਦਰਵਾਜ਼ਾ ਲੰਘ ਕੇ ਅੰਦਰ ਗਏ ਤਾਂ ਚਿੱਟੇ ਗੁਲਾਬ ਦੇ ਫੁੱਲਾਂ ਵਰਗੇ ਸੋਹਣੇ ਤਿੰਨ ਰੂਸੀ ਬੱਚੇ ਹੱਥ ਜੋੜ ਕੇ ਸਾਡੇ ਸੁਆਗਤ ਵਾਸਤੇ ਖੜੇ ਸਨ। ਉਹਨਾਂ ਨੇ ਨਿਮਰਤਾ ਸਹਿਤ ਕਿਹਾ "ਕ੍ਰਿਪਯਾ ਓਵਰ ਕੋਟ ਉਤਾਰ ਦੇਂ" ਅਸੀਂ ਉਹਨਾਂ ਦਾ ਕਹਿਣਾ ਮੰਨ ਕੇ ਹੌਲੇ ਭਾਰ ਹੋ ਗਏ। ਕੋਟ ਹੋਰਨਾਂ ਬੱਚਿਆਂ ਨੇ ਕਿਲੀਆਂ ਤੇ ਟੰਗ ਦਿਤੇ। ਇਹਨਾਂ ਤਿੰਨਾਂ ਬੱਚਿਆਂ ਨੂੰ ਪਿਆਰ ਨਾਲ ਪੁਛਿਆ, 'ਆਪ ਕਾ ਨਾਮ ਕਿਆ ਹੈ?'

ਪਹਿਲਾ ਬੋਲਿਆ "ਮੇਰਾ ਨਾਮ ਯੋਰਾਸ਼ੇਵਾ ਹੈ"

ਦੂਸਰਾ ਬੋਲਿਆ "ਮੇਰਾ ਨਾਮ ਆਂਦਰੀਵ ਹੈ"

ਤੀਸਰੇ ਦੀ ਮਾਸੂਮ ਆਵਾਜ਼ ਸੀ, "ਮੇਰਾ ਨਾਮ ਆਂਤੋਵ ਹੈ"

ਇਹਨਾਂ ਅੱਠ-ਨੌਂ ਸਾਲ ਦੇ ਮਾਸੂਮ ਬੱਚਿਆਂ ਨੂੰ ਹਿੰਦੀ ਵਿਚ ਗੱਲ ਕਰਦਿਆਂ ਸਾਰੇ ਹੀ ਮੋਹੇ ਗਏ। ਖੁਸ਼ੀ ਅਤੇ ਭਾਵੁਕਤਾ ਨਾਲ ਭਰਪੂਰ ਉਹਨਾਂ ਦਾ ਧਨਵਾਦ ਕਰਨ ਵਾਸਤੇ ਅਸੀਂ "ਥੈਂਕ ਯੂ" ਉਚਾਰਨ ਕੀਤਾ।

ਸਕੂਲ ਦੀ ਇਮਾਰਤ ਕਈ ਮੰਜ਼ਲੀ ਸੀ—ਵਿਚੋ ਵਿਚ ਬਹੁਤ ਕਮਰੇ ਸਨ। ਅੰਦਰ ਇਕ ਹਾਲ ਸੀ ਪੱਕੀ ਸਟੇਜ ਵਾਲਾ ਸਾਹਮਣੇ ਕੁਰਸੀਆਂ ਤੇ ਡੈਸਕ ਸਨ। ਸਟੇਜ ਦੇ ਪਰਦਿਆਂ ਤੇ ਭਾਰਤ ਅਤੇ ਰੂਸ ਦੇ ਝੰਡੇ ਨਾਲੋ ਨਾਲ ਚਿਪਕਾਏ ਹੋਏ ਸਨ। ਸਟੇਜ ਤੋਂ ਉਤਰਕੇ ਇਕ ਮੇਜ਼ ਤੇ ਦੋ ਕੁਰਸੀਆਂ ਸਨ ਇਹਨਾਂ ਤੇ ਸਕੂਲ ਦੇ ਹੈਡਮਾਸਟਰ ਸਾਹਿਬ ਅਤੇ ਇਕ ਹੋਰ ਅਧਿਆਪਕ ਬੈਠੇ ਸਨ। ਅਸੀਂ ਸਾਹਮਣੇ ਅਤੇ ਆਲੇ ਦੁਆਲੇ ਕੁਰਸੀਆਂ ਡੈਸਕਾਂ ਤੇ



Sri Satguru Jagjit Singh Ji eLibrary NamdhariElibrary@gmail.com

ਬੈਠੇ ਸਾਂ। ਵਿਦਿਆਰਥੀ ਅਤੇ ਹੋਰ ਅਧਿਆਪਕ ਔਰਤਾਂ ਮਰਦ ਵੀ ਵਿਚ ਵਿਚ ਬੈਠੇ ਜਾਂ ਖੜੇ ਸਨ।

ਸਭ ਤੋਂ ਪਹਿਲਾਂ ਹੈਡਮਾਸਟਰ ਸਾਹਿਬ ਉਠੇ। ਉਹ ਯੂਰਪੀਨ ਸੂਟ ਪੈਂਟ ਕੋਟ ਅਤੇ ਟਾਈ ਨਾਲ ਬਹੁਤ ਸਜ ਰਹੇ ਸਨ। ਤਿਖੇ ਨੈਣ ਨਕਸ਼ਾਂ ਵਾਲੇ ਪਰਸੰਨ ਚਿਤ ਗੋਰੇ ਜਵਾਨ ਲਗਦੇ ਸਨ।ਉਹ ਰੂਸੀ ਵਿਚ ਬੋਲੇ। ਉਹਨਾਂ ਤੋਂ ਬਾਦ ਦੂਸਰੇ ਅਧਿਆਪਕ ਜੀ ਨੇ ਉਹਨਾਂ ਦਾ ਅਨੁਵਾਦ ਹਿੰਦੀ ਵਿਚ ਕੀਤਾ। ਉਚਾਰਨ ਦਾ ਲਹਿਜਾ ਕੁਝ ਰੂਸੀ ਸੀ ਪਰ ਬਹੁਤ ਸਾਫ ਹਿੰਦੁਸਤਾਨੀ ਸਮਝ ਪੈ ਰਹੀ ਸੀ। ਇਸ ਤਰ੍ਹਾਂ ਵਾਰੀ ਵਾਰੀ ਹੈਡਮਾਸਟਰ ਸਾਹਿਬ ਰੂਸੀ ਵਿਚ ਬੋਲਦੇ ਤੇ ਦੂਸਰੇ ਅਧਿਆਪਕ ਹਿੰਦੀ ਵਿਚ ਸਮਝਾਉਂਦੇ।

ਤਕਰੀਰ ਦਾ ਸਾਰ ਅੰਸ਼ ਸੀ।

ਪਿਆਰੇ ਅਤਿਥੀਓ ਸਾਨੂੰ ਇਸ ਗੱਲ ਦੀ ਬੜੀ ਪਰਸੰਨਤਾ ਹੈ ਕਿ ਤੁਸੀਂ ਸਾਡੇ ਸਕੂਲ ਆਏ ਹੋ। ਇਸ ਸਕੂਲ ਵਿਚ ਜਿਸ ਵਿਚ ਹਿੰਦੀ ਦੀ ਸਿਖਿਆ ਦਿਤੀ ਜਾਂਦੀ ਹੈ। ਇਸ ਗੱਲ ਦੀ ਹੋਰ ਵੀ ਪਰਸੰਨਤਾ ਹੋਈ ਕਿ ਆਪ ਉਹਨਾਂ ਦਿਨਾਂ ਵਿਚ ਸਾਡੇ ਨਗਰ ਵਿਚ ਆਏ ਹੋ ਜਦੋਂ ਮਹਾਨ ਅਕਤੂਬਰ ਕ੍ਰਾਂਤੀ ਦੀ ਸਤਰਵੀਂ ਸਾਲ ਗਿਰਹ ਮਨਾਈ ਜਾ ਰਹੀ ਹੈ। ਆਪ ਉਸੇ ਸ਼ਹਿਰ ਵਿਚ ਆਏ ਹੋ ਜਿਸ ਵਿਚ ਕ੍ਰਾਂਤੀ ਦੀ ਸ਼ੁਰੂਆਤ ਹੋਈ ਸੀ। (ਤਾਲੀਆਂ)

ਦਸ ਸਾਲ ਹੋਏ ਸਾਡੇ ਸਕੂਲ ਦੀ ਸਥਾਪਨਾ ਹੋਈ ਸੀ। ਸਾਡੇ ਸਕੂਲ ਦਾ ਸਭ ਤੋਂ ਮੁਖ ਉਦੇਸ਼ ਇਹ ਹੈ ਕਿ ਸੋਵੀਅਤ-ਭਾਰਤੀ ਦੋਸਤੀ ਨੂੰ ਹੋਰ ਵੀ ਬੜਾਵਾ ਮਿਲੇ। ਸਾਡੇ ਸਕੂਲ ਦੇ ਸਾਰੇ ਅਧਿਆਪਕ ਸੋਵੀਅਤ-ਭਾਰਤ ਮੈਤਰੀ ਸੰਘ ਦੇ ਸਕ੍ਰੀਯ ਮੈਂਬਰ ਹਨ।

ਸਾਡਾ ਸਕੂਲ ਦਸ ਵਰਸ਼ੀ ਸਕੂਲ ਹੈ। ਇਸ ਵਿਚ ਪਹਿਲੀ ਤੋਂ ਦਸਵੀਂ ਜਮਾਤ ਤਕ ਹਿੰਦੀ ਦੀ ਸਿਖਿਆ ਦਿਤੀ ਜਾਂਦੀ ਹੈ। ਬੱਚੇ ਸੱਤ ਸਾਲ ਤੋਂ ਲੈ ਕੇ ਸੋਲਾਂ ਸਾਲ ਤਕ ਸਕੂਲ ਵਿਚ ਪੜ੍ਹਦੇ ਹਨ। ਵਿਦਿਆਰਥੀਆਂ ਦੀ ਸੰਖਿਆ ੪੦੦ ਤੋਂ ਵੱਧ ਹੈ ਅਤੇ ਉਹ ਪਹਿਲੀ ਸ਼੍ਰੇਣੀ ਤੋਂ ਹੀ ਹਿੰਦੀ ਪੜ੍ਹਦੇ ਹਨ। ਚੌਥੀ ਤੋਂ ਉਹ ਅੰਗਰੇਜ਼ੀ ਭਾਸ਼ਾ ਵੀ ਪੜ੍ਹਦੇ ਹਨ। ਸਾਡਾ ਸਕੂਲ ਇਕ ਆਵਾਸੀ ਬੋਰਡਿੰਗ ਸਕੂਲ ਹੈ। ਇਹ ਇਸ ਵਸਤੇ ਕਿ ਬੱਚੇ ਸ਼ਹਿਰ ਦੇ ਵੱਖ ਵੱਖ ਹਿਸਿਆਂ ਤੋਂ ਇਥੇ ਆ ਕੇ ਪੜ੍ਹ ਸਕਣ ਕਿਉਂਕਿ ਹਿੰਦੀ ਸਕੂਲ ਇਥੇ ਇਕ ਹੀ ਹੈ।

ਸੋਮਵਾਰ ਨੂੰ ਬਚੇ ਆਪਣੇ ਆਪਣੇ ਘਰਾਂ ਤੋਂ ਸਕੂਲ ਆ ਜਾਂਦੇ ਹਨ ਅਤੇ ਸ਼ਨਿਚਰਵਾਰ ਤਕ ਇਥੇ ਰਹਿ ਕੇ ਪੜ੍ਹਦੇ ਹਨ। ਸਨਿਚਰਵਾਰ ਨੂੰ ਜਾ ਕੇ ਸੋਮਵਾਰ ਨੂੰ ਘਰਾਂ ਤੋਂ ਵਾਪਸ ਇਥੇ ਆ ਜਾਂਦੇ ਹਨ। ਸਾਡੇ ਦੇਸ਼ ਅਤੇ ਸਕੂਲ ਵਿਚ ਡੈਮੋਕਰੇਟਿਕ ਸਿਸਟਮ ਹੈ। ਇਸ ਵਾਸਤੇ ਇਵੇਂ ਹੁੰਦਾ ਹੈ ਕਿ ਮੈਸ ਦੀ ਮੇਜ਼ ਤੇ ਕੋਈ ਲੀਡਰ ਦਾ ਲੜਕਾ ਬੈਠਾ ਹੋਵੇ ਤਾਂ ਨਾਲ ਹੀ ਕੋਈ ਚਪੜਾਸੀ ਦੀ ਲੜਕੀ ਹੈ। ਮਤਲਬ ਸਭ ਰਲ ਮਿਲ ਕੇ ਪੜ੍ਹਦੇ ਹਨ। ਸਕੂਲ ਵਾਸਤੇ ਅਸੀਂ ਬਚਿਆਂ ਨੂੰ ਲੈਂਦੇ ਹਾਂ ਤਾਂ ਦੋ ਗਲਾਂ ਦਾ ਖਿਆਲ ਰਖਦੇ ਹਾਂ। ਪਹਿਲੀ ਗਲ ਸਿਹਤ ਅਛੀ ਹੋਵੇ ਕਿਉਂਕਿ ਉਹਨਾ ਨੂੰ ਜ਼ਿਆਦਾ ਸਮਾਂ ਰਖਣਾ ਹੈ। ਇਥੇ ਆਮ ਸਕੂਲ ਨਾਲੋਂ ਜ਼ਿਆਦਾ ਸਿਖਿਆ ਦਿਤੀ ਜਾਂਦੀ ਹੈ। ਦੂਸਰੀ ਗਲ ਇਹ ਦੇਖੀ ਦੀ ਹੈ ਕਿ ਉਹਨਾਂ ਦਾ ਦਿਮਾਗ ਕਿਥੋਂ ਤਕ ਵਿਕਸਿਤ ਹੋਇਆ ਹੈ। ਜੇ ਜ਼ਿਆਦਾ ਵਿਕਸਿਤ ਨਹੀਂ ਤਾਂ ਪੜ੍ਹਨਾ ਮੁਸ਼ਕਲ ਹੋ ਜਾਵੇਗਾ ਜੇ ਕਿਸੇ ਬਚੇ ਦੀ ਮਾਂ ਜਾਂ ਬਾਪ ਜੀਵਤ ਨਹੀਂ ਹਨ ਤਾਂ ਉਸ ਨੂੰ ਅਸੀਂ ਜ਼ਰੂਰ ਲੈ ਲੈਂਦੇ ਹਾਂ। ਇਥੇ ਪੁਸਤਕਾਂ, ਕਪੜਾ ਅਤੇ ਹਰ ਰੋਜ਼ ਪੰਜ ਵਾਰ ਦਾ ਖਾਣਾ ਸਭ ਮੁਫਤ ਦਿਤਾ ਜਾਂਦਾ ਹੈ।" ਪੰਜ ਵਾਰ ਦਾ ਖਾਣਾ ਸੁਣਕੇ ਭਾਰਤੀ ਦਰਸ਼ਕਾਂ ਵਿਚ ਕੁਝ ਹੈਰਾਨੀਜਨਕ ਹਿਲਜੁਲ ਹੋਈ ਤਾਂ ਅਧਿਆਪਕ ਬੋਲਿਆ।

"ਹਾਂ ਪਾਂਚ ਬਾਰ ਲੋਗ ਖਾਤੇ ਹੈਂ। ਭਾਰਤ ਮੇਂ ਲੋਗ ਦੋ ਬਾਰ ਖਾਤੇ ਹੈਂ। ਇਧਰ ਪਾਂਚ ਬਾਰ ਲੇਤੇ ਹੈਂ, ਜ਼ਿਆਦਾ ਸਰਦੀ ਹੋਤੀ ਹੈ ਜ਼ਿਆਦਾ ਖਾਣਾ ਪੜ੍ਹਤਾ ਹੈ।"

ਇਹ ਸੁਣ ਕੇ ਭਰਪੂਰ ਤਾਲੀਆਂ ਵਜੀਆਂ। ਹੈਡਮਾਸਟਰ ਜੀ ਦੀ ਤਕਰੀਰ ਦਾ ਤਰਜਮਾ ਜਾਰੀ ਸੀ।

..."ਸਕੂਲ ਦਾ ਸਾਲਾਨਾ ਖਰਚਾ ੪ ਲਖ ਰੂਬਲ ਹੈ। ਇਕ ਵਿਦਿਆਰਥੀ ਦੇ ਵਾਸਤੇ ਸਾਲਾਨਾ ੧੦੦੦ ਰੂਬਲ ਖਰਚ ਹੁੰਦੇ ਹਨ। ਰੋਜ ਬਚਿਆਂ ਦੇ ਪਾਠ ਸਮਾਪਤ ਹੁੰਦੇ ਹਨ ਤਾਂ ਬਚਿਆਂ ਵਾਸਤੇ ਉਹਨਾਂ ਦੀ ਇਛਾ ਅਨੁਸਾਰ ਭਿੰਨ ਭਿੰਨ ਪ੍ਰੋਗਰਾਮ ਹੁੰਦੇ ਹਨ ਜਿਨ੍ਹਾਂ ਵਿਚ ਜਾਂ ਤਾਂ ਉਹ ਚਿਤਰ-ਕਲਾ ਜਾਂ ਸੰਗੀਤ ਜਾਂ ਹੱਥ ਦਾ ਕੰਮ ਸਿਖ ਲੈਂਦੇ ਹਨ ਜਿਸ ਨਾਲ ਬਚਿਆਂ ਦਾ ਸਭ ਤਰ੍ਹਾਂ ਵਿਕਾਸ ਹੋਵੇ।

ਸਾਡੇ ਸਕੂਲ ਵਿਚ ਭਾਰਤੀ ਲੜਕੇ ਵੀ ਬਹੁਤ ਲੋਕ-ਪ੍ਰਿਆ ਹਨ ਪਰ ਇਥੇ ਕੋਈ ਭਾਰਤੀ ਅਧਿਆਪਕ ਨਹੀਂ। ਜੋ ਵੀ ਕਰਦੇ ਹਾਂ ਖੁਦ ਹੀ ਕਰ ਸਕੇ ਹਾਂ ਸੋ ਪੇਸ਼ ਕਰਾਂਗੇ। ਅਸੀਂ ਸਦਾ ਹੀ ਭਾਰਤ ਦੇ ਨਾਲ ਹਾਂ ਜਦੋਂ ਵੀ ਭਾਰਤ ਤੇ ਕੋਈ ਸੰਕਟ ਆਇਆ ਕੋਈ ਦੁਰਘਟਨਾ ਹੋਈ ਉਸ ਵੇਲੇ ਵੀ ਨਾਲ ਹੀ ਸਾਂ। ਸਾਨੂੰ ਇਸ ਗਲ ਦੀ ਬੜੀ ਪਰਸੰਨਤਾ ਹੈ ਕਿ ਸੋਵੀਅਤ ਸੰਘ ਅਤੇ ਭਾਰਤ ਇਕ ਹੀ ਰਸਤੇ ਤੋਂ ਵਿਸ਼ਵ ਸ਼ਾਂਤੀ ਵਲ ਅਗੇ ਵਧਦੇ ਹਨ। ...ਅਸੀਂ ਜਤਨ ਕਰਦੇ ਹਾਂ ਕਿ ਸਾਡਾ ਸਕੂਲ ਵੀ ਮਹਾਨ ਉਦੇਸ਼ਾਂ ਜਿਵੇਂ ਨਿਸ਼ਸਤਰੀਕਰਨ ਅਤੇ ਵਿਸ਼ਵ ਸ਼ਾਂਤੀ ਵਾਸਤੇ ਕੁਝ ਸੁੰਦਰ ਜਿਹਾ ਹਿਸਾ ਪਾ ਸਕੇ।


Sri Satguru Jagjit Singh Ji eLibrary NamdhariElibrary@gmail.com

ਹੈਡਮਾਸਟਰ ਸਾਹਿਬ ਬੋਲਦੇ ਕੁਝ ਕੁਝ ਮੁਸਕਰਾਂਦੇ ਸਨ। ਉਹਨਾਂ ਦਾ ਦੁਭਾਸ਼ੀਆ ਵੱਡੀ ਉਮਰ ਦਾ ਸੀ ਅਤੇ ਬਹੁਤ ਤਜਰਬੇਕਾਰ ਵਿਅਕਤੀ ਲਗਦਾ ਸੀ। ਹਿੰਦੀ, ਰੂਸੀ ਅੰਗਰੇਜ਼ੀ ਬੋਲਣ ਵਿਚ ਮਾਹਰ। ਇਸ ਨੇ ਸਭ ਨੂੰ ਬਹੁਤ ਪ੍ਰਭਾਵਤ ਕੀਤਾ। ਹੈਡਮਾਸਟਰ ਦੇ ਭਾਸ਼ਨ ਬਾਦ ਕੁਝ ਸਵਾਲ ਜਵਾਬ ਹੋਏ। ਇਹਨਾਂ ਦੇ ਜੁਆਬ ਹਿੰਦੀ ਪ੍ਰਾਧਿਆਪਕ ਨੇ ਹੀ ਦਿਤੇ। ਉਂਝ ਉਹ ਸਲਾਹ ਮਸ਼ਵਰਾ ਹੈਡਮਾਸਟਰ ਨਾਲ ਕਰ ਲੈਂਦਾ।

? ਤੁਹਾਡੇ ਅਧਿਆਪਕਾਂ ਦੀ ਤਨਖਾਹ ਕਿਤਨੀ ਹੈ?

—੨੦੦ ਰੂਬਲ ਮਾਸਕ ਔਸਤਨ।

? ਪੂਰੀ ਸਿਖਿਆ ਪ੍ਰਾਪਤ ਕਰਕੇ ਕਿੰਨੇ ਕੁ ਵਿਦਿਆਰਥੀ ਨਿਕਲਦੇ ਹਨ।

—ਹਿੰਦੀ ਵਿਚ ਜੋ ਪੂਰੀ ਸਿਖਿਆ ਲੈਣ ਉਹ ਹਰ ਸਾਲ ੨੦ ਨਿਕਲਦੇ ਹਨ। ਅਸੀਂ ਹਰ ਕਲਾਸ ਨੂੰ ਤਿੰਨ ਹਿਸਿਆਂ ਵਿਚ ਵੰਡਦੇ ਹਾਂ ਉਹਨਾਂ ਵਾਸਤੇ ਅਲਗ ਅਲਗ ਅਲਗ ਪਾਠ ਹੁੰਦੇ ਹਨ ਜੈਸੇ ਭਾਰਤ ਕੀ ਰਾਜਧਾਨੀ ਦਿਲੀ ਯਾ ਮਹਾਤਮਾ ਗਾਂਧੀ ਯਾ ਪਰੇਮ ਚੰਦ। ਇਹਨਾਂ ਪਾਠਾਂ ਨਾਲ ਭਾਰਤ ਦਾ ਆਧੁਨਿਕ ਰੂਪ ਮਿਲ ਜਾਂਦਾ ਹੈ।

ਅਗਲਾ ਸਵਾਲ ਸੀ ਕਿ ਕੀ ਤੁਹਾਡੇ ਬੱਚੇ ਭਾਰਤ ਵਿਚ ਪ੍ਰੋਗਰਾਮ ਤੇ ਆ ਸਕਦੇ। ਜਵਾਬ ਸੀ ਆਰਥਕ ਕਾਰਨਾਂ ਕਰਕੇ ਅਜੇ ਬੱਚੇ ਭਾਰਤ ਨਹੀਂ ਜਾ ਸਕਦੇ ਕਿਉਂਕਿ ਟਿਕਟ ਕਾਫੀ ਮਹਿੰਗਾ ਹੈ। ਪਰ ਜਦੋਂ ਸਕੂਲ ਦੀ ਸਿਖਿਆ ਪਾਸ ਕਰਨਗੇ, ਕੰਮ ਕਰਨਗੇ, ਕਮਾਈ ਕਰਨਗੇ ਤਾਂ ਉਨ੍ਹਾਂ ਤੇ ਭਾਰਤ ਜਾਣ ਵਾਸਤੇ ਕੋਈ ਵੀ ਰੁਕਾਵਟ ਨਹੀਂ ਹੋਵੇਗੀ।

ਇਕ ਦੋ ਹੋਰ ਸਾਧਾਰਣ ਸਵਾਲਾਂ ਬਾਦ ਮੈਂ ਕਿਹਾ ਸ੍ਰੀਮਾਨ ਜੀ ਤੁਸਾਂ ਏਨੀ ਵਧੀਆ ਹਿੰਦੀ ਬੋਲ ਕੇ ਸਾਨੂੰ ਮੋਹਿਆ ਹੈ ਤੁਸੀਂ ਆਪਣੇ ਬਾਰੇ ਤਾਂ ਦਸੋ ਪਿਆਰਿਓ।

ਤਾਂ ਅਧਿਆਪਕ ਨੇ ਭੇਦ ਖੋਲਿਆ।

ਮੈਂ ਤਾਂ ਹਿੰਦੀ ਦਾ ਅਧਿਆਪਕ ਹਾਂ। ਚਾਲੀ ਸਾਲ ਤੋਂ ਹਿੰਦੀ ਦੀ ਸੇਵਾ ਕਰਦਾ ਰਿਹਾ ਹਾਂ। ਮੇਰਾ ਨਾਮ ...ਬਾਰਨਕੋਫ ਹੈ। ਹਿੰਦੀ ਦਾ ਪੀ· ਐਚ· ਡੀ· ਹਾਂ। ਸੰਨ ੫੬ ਤੋਂ ੫੯ ਤਕ ਦਿਲੀ ਵਿਚ ਸੋਵੀਅਤ ਦੂਤਾਵਾਸ ਦੇ ਸਾਂਸਕ੍ਰਿਤ ਵਿਭਾਗ ਵਿਚ ਵੀ ਕੰਮ ਕਰਦਾ ਰਿਹਾ ਹਾ। ਮੇਰੇ ਪਿਤਾ ਜੀ ਆਚਾਰੀਆ ਅਲਕਸੀ ਬਾਰਨਕੋਫ ਹਿੰਦੀ ਦੇ ਬਹੁਤ ਵਡੇ ਵਿਦਵਾਨ ਸਨ: ਉਹਨਾਂ ਪਹਿਲੀ ਵਾਰ ਸੋਵੀਅਤ ਯੂਨੀਅਨ ਵਿਚ ਹਿੰਦੀ ਦੀ ਸਿਖਿਆ ਪ੍ਰਸਤੁਤ ਕੀਤੀ। ਉਹਨਾਂ ਨੇ ਹਿੰਦੀ ਦੇ ਖੇਤਰ ਵਿਚ ਬਹੁਤ ਕੰਮ ਕੀਤਾ ਪਰ ਮੁਖ ਕਾਰਜ ਰਾਮ ਚਿਰਿਤਰ ਮਾਨਸ (ਤੁਲਸੀ ਰਾਮਾਇਣ) ਦਾ ਹਿੰਦੀ ਚੋਂ ਰੂਸੀ ਵਿਚ ਪਦ ਅਨੁਵਾਦ ਹੈ।

ਹੁਣ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਛੀਟਕਾ ਜਿਹਾ ਜਵਾਨ ਸੂਟ ਪਾਈ ਮਾਈਕ ਤੇ ਪੇਸ਼ ਕੀਤਾ ਗਿਆ ਅਤੇ ਕਿਹਾ ਕਿ ਇਸ ਨਾਲ ਗਲਬਾਤ ਕਰੋ। ਜੁਆਨ ਨੂੰ ਪੁਛਿਆ ਗਿਆ, ਆਪ ਕਾ ਨਾਮ? ਉਤਰ ਸੀ ਅਲੈਗਜ਼ਾਂਦਰ—ਪਿਛੋਂ ਅਵਾਜ਼ ਆਈ 'ਕਿਆ ਆਪ ਨੇ ਹਿੰਦੀ ਫਿਲਮ ਦੇਖੀ ਹੈ ਕੋਈ? ਜਵਾਨ ਨੇ ਸਿਰ ਨਾਂਹ ਵਿਚ ਹਿਲਾ ਦਿਤਾ। ਫਿਰ ਇਕ ਮਾਈ ਬੋਲੀ 'ਅਰੇ ਥੋੜਾ ਬਾਤਚੀਤ ਕਰੋ ਨਾ'' ਵਿਚਾਰਾਂ ਫਿਰ ਡਿਬ ਡਿਬ ਵੇਖੀ ਜਾਵੇ। ਵਿਚਾਰੇ ਦਾ ਕੋਈ ਕਸੂਰ ਨਹੀਂ ਸੀ। ਕੋਈ ਉਸ ਨੂੰ ਕੁਝ ਪੁਛ ਹੀ ਨਹੀਂ ਸੀ ਰਿਹਾ। ਅੰਤ ਮੈਂ ਉਸ ਨੂੰ ਕਿਹਾ ਕਿ ਤੈਨੂੰ ਕੋਈ ਹਿੰਦੀ ਸਾਹਿਤ ਦੀ ਕਵਿਤਾ ਆਉਂਦੀ ਹੈ?

ਭਾਰਤੀ ਡੈਲੀਗੇਸ਼ਨ ਦੇ 'ਸਿਆਨੇ' ਮੈਨੂੰ ਸੁਝਾਉਣੀ ਦੇਣ ਲਗੇ, ਅਰੇ ਸਰਦਾਰ ਜੀ ਆਪ ਭੀ ਕਿਆ ਬਾਤ ਕਰਤੇ ਹੈਂ। ਇਤਨਾ ਸਿੰਪਲ ਕੁਐਸਚਨ ਕਾ ਉਸ ਕੇ ਪਾਸ ਕੋਈ ਉਤਰ ਨਹੀਂ ਤੋ ਕਿਆ ਕਵਿਤਾ ਸੁਣਾਏਗਾ।

ਪਰ ਮੁੰਡੇ ਨੇ ਹਾਂ ਵਿਚ ਸਿਰ ਹਿਲਾ ਦਿਤਾ ਸੀ। ਉਸ ਨੇ ਹੁਣ ਕਿਹਾ ਕਿ ਮੈਂ ਆਪ ਕੋ ਮੈਥਲੀ ਸ਼ਰਨ ਗੁਪਤ ਕੀ ਏਕ ਕਵਿਤਾ ਸੁਣਾਤਾ ਹੂੰ। ਫੇਰ ਉਸ ਨੇ ਇਕ ਲੰਮੀ ਕਵਿਤਾ ਸੁਣਾਈ:

"ਵਹੀ ਮਨੁਸ਼ ਹੈ ਕਿ ਜੋ ਮਨੁਸ਼ ਕੇ ਲੀਏ ਮਰੇ"

ਸਾਰੀ ਕਵਿਤਾ ਨੂੰ ਜ਼ਬਾਨੀ ਸ਼ਬਦ-ਬ-ਸ਼ਬਦ ਉਸ ਨੇ ਉਚਾਰਿਆ। ਉਚਾਰਣ ਰੂਸੀ ਹੀ ਸੀ ਪਰ ਇਹ ਔਖਾ ਕਾਰਜ ਸੀ। ਆਪਣੇ ਨਾਲੋਂ ਵਧੀਆ ਹਿੰਦੀ ਬੋਲਦਿਆਂ ਵੇਖ ਕੇ ਸਭ ਸੁੰਨ ਹੋ ਗਏ। ਕਵਿਤਾ ਦੇ ਖਾਤਮੇ ਤੇ ਤਾਲੀਆਂ ਦੀ ਜ਼ਬਰ-ਦਸਤ ਗੜਗੂੰਜ ਪਈ।

ਸੁਆਗਤੀ ਸਮਾਰੋਹ ਬਾਦ ਸਾਨੂੰ ਸਕੂਲ ਦਿਖਾਉਣ ਵਾਸਤੇ ਲਿਜਾਇਆ ਗਿਆ। ਰਸਤੇ ਵਿਚ ਇਕ ਹੋਰ ਮੁੰਡਾ ਸੂਟ ਪਾਈ ਖੜਾ ਸੀ ਉਸ ਨੇ ਮੁਸਕਰਾ ਕੇ ਹੱਥ ਜੋੜ ਕੇ ਜਦੋਂ ਮੇਰੇ ਨਾਲ ਅੱਖ ਮਿਲਾਈ ਤਾਂ ਮੈਂ ਪੁਛਿਆ, ਆਪ ਕਾ ਨਾਮ? ਨਿਕੋਲਾਈ। ਉਸ ਮੋੜਵੀਂ ਪੁੱਛ ਕੀਤਾ 'ਆਪ ਕਾ? ਜਗਦੀਸ਼ ਸਿੰਘ। ਆਪ ਪੰਜਾਬ ਸੇ ਆਏ ਹੈਂ? ਹਾਂ ਹਮ ਤੋਂ ਦੂਰ ਸੇ ਪਹਿਚਾਨੇ ਜਾਤੇ ਹੈਂ। ਆਪ ਨੇ ਪੰਜਾਬ ਕੇ ਬਾਰੇ ਸੁਣਾ ਹੈ? ਹਾਂ ਬਹੁਤ ਸੁਣਾ ਹੈ। ਮੈਂ ਸਵਾਲ ਕੀਤਾ ਆਪ ਕੌਣ ਸੀ ਕਕਸ਼ਾ ਮੇਂ ਪੜਤੇ ਹੈਂ ਕਹਿਣ ਲਗਾ "ਮੈਂ ਪੜ੍ਹਤਾ ਨਹੀਂ ਮੈਂ ਪੜਾਤਾ ਹੂੰ ਯਹਾਂ ਪ੍ਰਾਧਿਆਪਕ ਹੂੰ।" ਮੈਨੂੰ ਆਪਣੇ ਸਵਾਲ ਪੁਛਣ ਤੇ ਸੰਗ ਮਹਿਸੂਸ ਹੋਈ।

ਮੈਂ ਕਿਹਾ ਬਹੁਤ ਖੂਬ। ਫਿਰ ਪੁਛਿਆ ਕਿ ਆਪ ਕੋ ਪੰਜਾਬੀ ਆਤੀ ਹੈ ਕਹਿਣ ਲਗਾ "ਨਹੀਂ ਪਰ ਮੈਂ



Sri Satguru Jagjit Singh Ji eLibrary NamdhariElibrary@gmail.com

ਸੀਖਨਾ ਚਾਹਤਾ ਹੂੰ" ਮੈਂ ਸਮਝਾਇਆ ਬਹੁਤ ਥੋਹੜਾ ਫਰਕ ਹੈ ਜਲਦੀ ਸੀਖ ਜਾਓਗੇ। ਜਿਵੇਂ 'ਮੈਂ ਆਤਾ ਹੂੰ' ਨੂੰ ਕਹਿਣ "ਮੈਂ ਆਂਦਾ ਹਾਂ" "ਲੜਕਾ ਦੌੜ ਰਹਾ ਹੈ, ਦੀ ਥਾਂ ਆਵੇਗਾ ਲੜਕਾ ਦੌੜ ਰਿਹਾ ਹੈ", ਆਜ ਮੌਸਮ ਅੱਛਾ ਹੈ ਦੀ ਥਾਂ "ਅੱਜ ਮੌਸਮ ਅੱਛਾ ਹੈ" ਕਹਿਣ ਲਗਾ ਵਾਹ ਯਹ ਤੋਂ ਸਭ ਸਮਝ ਆਤਾ ਹੈ। ਮੈਂ ਕਿਹਾ ਪੰਜਾਬੀ ਵਿਚ "ਸਭ ਸਮਝ ਆਂਦਾ ਹੈ"। ਉਹ ਸਿਰ ਹਿਲਾ ਕੇ ਕਹਿਣ ਲਗਾ ਜੀ ਹਾਂ ਆਂਦਾ ਹੈ ਤੇ ਸਾਰੇ ਖਿੜ ਖਿੜਾ ਕੇ ਹਸ ਪਏ। ਜਦੋਂ ਉਸ ਨੂੰ ਪਤਾ ਲਗਾ ਕਿ ਮੈਂ ਪੰਜਾਬੀ ਦੇ ਕਿਸੇ ਰਸਾਲੇ ਦਾ ਸੰਪਾਦਕ ਹਾਂ ਤਾਂ ਉਸ ਨਾਲ ਹੋ ਕੇ ਸਕੂਲ ਦਿਖਾਇਆ। ਇਕ ਦੋ ਕਲਾਸਾਂ ਲਗੇ ਕਮਰੇ ਵਿਚ ਅਸੀਂ ਗਏ। ਛੋਟੇ ਛੋਟੇ ਬਚੇ ਡੈਸਕਾਂ ਤੇ ਬੈਠੇ ਸਨ। ਅਧਿਆਪਕਾ ਪੁੱਛ ਰਹੀ ਸੀ।

ਮੇਰਾ ਨਾਮ ਕਿਆ ਹੈ ?

ਜਿਸ ਬਚੇ ਨੂੰ ਪੁਛਿਆ ਉਸ ਉਤਰ ਦਿਤਾ।

ਆਪ ਕਾ ਨਾਮ...ਹੈ।

ਵਖ ਵਖ ਬਚਿਆਂ ਨੂੰ ਸਵਾਲ ਪੁਛੇ ਉਹਨਾਂ ਉਤਰ ਦਿਤੇ :

ਮੈਂ ਕੌਣ ਹੂੰ ?

ਆਪ ਸ਼ਿਕਸ਼ਿਕਾ ਹੈਂ

ਮੇਰੇ ਹਾਥ ਮੈਂ ਕਿਆ ਹੈ (ਖਡਾਉਣਾ ਫੜਕੇ)

ਆਪ ਕੇ ਹਾਥ ਮੇਂ ਹਾਥੀ ਹੈ।

ਕਿਆ ਯਹ ਸੁੰਦਰ ਹਾਥੀ ਹੈ।

ਹਾਂ ਯਹ ਸੁੰਦਰ ਹਾਥੀ ਹੈ।

ਯਹ ਕਿਆ ਹੈ

ਯਹ ਰੰਗ ਬਿਰੰਗੀ ਪੈਂਸਲੇ ਹੈਂ।

ਯਹ ਕਿਸ ਰੰਗ ਕੀ ਹੈ।

ਯਹ ਪੀਲੀ ਹੈ।

ਯਹ ਪੈਂਸਿਲ ਪੀਲੀ ਕਾਲੀ ਯਾ ਲਾਲ ਹੈ।

ਯਹ ਲਾਲ ਪੈਂਸਿਲ ਹੈ।

ਪ੍ਰਾਇਮਰੀ ਦੇ ਨਿਕਚੂ ਹਿੰਦੀ ਵਿਦਿਆਰਥੀਆਂ ਦੀ ਕਲਾਸ ਵੇਖਕੇ ਸਭ ਜਜ਼ਬਾਤੀ ਹੋ ਗਏ। ਮਾਈਆਂ ਤਾਂ ਬਚਿਆਂ ਨੂੰ ਚੁੰਮਣ ਪਲੋਸਣ ਤੇ ਪਿਆਰ ਕਰਨ ਲਗ ਪਈਆਂ। ਬਚਿਆਂ ਨੂੰ ਟਾਫੀਆਂ, ਪੈਂਸਲਾਂ, ਕਾਫੀ ਪੈਕਟ ਉਪਹਾਰ ਵਜੋਂ ਦਿਤੇ ਗਏ। ਸਾਰੇ ਦੌਰੇ ਵਿਚ ਅਜ ਖੁਸ਼ੀਆਂ ਦੀ ਭਰਪੂਰਤਾ ਸੀ।

ਇਸ ਤੋਂ ਬਾਦ ਸਕੂਲ ਦਾ ਬੋਰਡਿੰਗ ਹਾਊਸ ਦਿਖਾ-ਇਆ ਗਿਆ ਜਿਥੇ ਬੱਚੇ ਹਫਤਾ ਭਰ ਰਹਿੰਦੇ ਹਨ ਉਸ ਬਾਦ ਸਕੂਲ ਦੀ ਵਰਕਸ਼ਾਪ ਦਿਖਾਈ ਗਈ ਜਿਥੇ ਵਿਦਿਆਰਥੀਆਂ ਨੂੰ ਤਕਨੀਕੀ ਸਿਖਿਆ ਦਿਤੀ ਜਾਂਦੀ ਹੈ। ਇਥੇ ਖਰਾਦ, ਸ਼ੇਪਰ, ਪਲੈਨਰ, ਡਰਿਲਾਂ ਅਤੇ ਹੋਰ ਫਿਟਿੰਗ ਦਾ ਸਾਮਾਨ, ਔਜ਼ਾਰ ਆਦਿਕ ਸੀ। ਮਸ਼ੀਨਾਂ ਚਲਾ ਕੇ ਬੱਚਿਆਂ ਨੇ ਦਿਖਾਈਆਂ। ਉਸ ਤੋਂ ਅਗੇ ਸਾਇੰਸ ਵਾਲੇ ਕਮਰੇ ਵਿਚ ਬੱਚਿਆਂ ਦੁਆਰਾ ਬਣਾਏ ਸਾਮਾਨ, ਹਵਾਈ ਤੇ ਸਮੁੰਦਰੀ ਜਹਾਜ਼ਾਂ ਦੇ ਮਾਡਲਾਂ ਤਕ ਦਿਖਾਏ ਗਏ। ਮੋਟਾ ਰੂਸੀ ਅਧਿਆਪਕ ਅਪਣੀ ਬੋਲੀ ਵਿਚ ਬਹੁਤ ਹੀ ਜੋਸ਼ ਨਾਲ ਵਿਦਿਆਰਥੀਆਂ ਦੁਆਰਾ ਨਿਰਮਤ ਵਸਤੂਆਂ ਨੂੰ ਦਿਖਾਕੇ ਖੁਸ਼ ਹੋ ਰਿਹਾ ਉਚੀ ਉਚੀ ਰੌਲਾ ਵੀ ਪਾ ਰਿਹਾ ਸੀ। ਬੋਲੀ ਸਮਝ ਨਾ ਆਉਣ ਦੇ ਬਾਵਜੂਦ ਉਸਨੇ ਹਰ ਚੀਜ਼ ਇਸ਼ਾਰਿਆਂ ਨਾਲ ਸਮਝਾਈ ਅਤੇ ਮਦਾਰੀ ਦੇ ਝੋਲੇ ਵਾਂਗ ਇਕ ਤੋਂ ਇਕ ਵਧ ਚੀਜ਼ ਦੀ ਪ੍ਰਦਰਸ਼ਨੀ ਕੀਤੀ। ਸੋਵੀਅਤ ਯੂਨੀਅਨ ਵਿਚ ਇਕ ਤਾਂ ਹਰ ਬੱਚੇ ਦੀ ਪੜ੍ਹਾਈ ਲਾਜ਼ਮੀ ਹੈ, ਦੂਸਰਾ ਸਾਰਾ ਖਰਚ ਸਰਕਾਰ ਜ਼ੁਮੇ ਹੈ। ਹਰ ਵਿਦਿਆਰਥੀ ਨੂੰ ਤਕਨੀਕੀ ਟਰੇਨਿੰਗ ਜ਼ਰੂਰ ਦਿਤੀ ਜਾਂਦੀ ਹੈ। ਹਰ ਵਿਦਿਆਰਥੀ ਨੂੰ ਇਕ ਵਦੇਸ਼ੀ ਭਾਸ਼ਾ ਜ਼ਰੂਰ ਪੜ੍ਹਾਈ ਜਾਂਦੀ ਹੈ। ਬਾਦ ਵਿਚ ਸੈਨਿਕ ਸਿਖਿਆ ਜ਼ਰੂਰੀ ਹੈ। ਪੜ੍ਹਾਈ ਉਪਰੰਤ ਹਰ ਇਕ ਨੂੰ ਨੌਕਰੀ ਅਵਸ਼ ਹੀ ਦੇਸ਼ ਦਿੰਦਾ ਹੈ।

ਇਥੇ ਘੁਮਦਿਆਂ ਅਸੀਂ ਦੇਖਿਆ ਕਿ ਛੋਟੇ ਛੋਟੇ ਬੱਚੇ ਭਾਰਤੀ ਡਰਾਮਿਆਂ ਦੇ ਮੇਕ-ਅਪ ਵਿਚ ਘੁਮਦੇ ਪਏ ਕਦੇ ਏਧਰ ਦੌੜ ਜਾਣ ਕਦੇ ਉਧਰ। ਘੁੰਗਰੂਆਂ ਦੀ ਛਣ ਛਣ ਦੀ ਆਵਾਜ਼ ਵੀ ਆਵੇ। ਸਾੜ੍ਹੀਆਂ, ਮੁਕਟ ਅਤੇ ਧੋਤੀਆਂ ਲਾਈ ਹੱਸਦੇ ਬਾਨੀਆਂ ਤੇ ਮਸ਼ਕਰੀਆਂ ਕਰਦੇ ਦੌੜੇ ਫਿਰਨ। ਇਕ ਮੋਟੂ ਜਿਹਾ ਮੁੰਡਾ ਉਸ ਨੇ ਲਾਲ ਰੰਗ ਦੀ ਕਨਾਰੀਦਾਰ ਧੋਤੀ ਬੰਨੀ ਪੌੜੀਆਂ ਤੋਂ ਦੌੜਦਾ ਉਪਰ ਨੂੰ ਆਇਆ। ਹੱਥ ਜੋੜ ਕੇ ਕਹਿਣ ਲਗਾ ਨਮਸ਼ਕਾਰ ਜੀ ਤਾਂ ਉਹਦਾ ਪਿਛਲਾ ਲਾਂਗੜ ਖੁਲ੍ਹ ਗਿਆ। ਧੋਤੀ ਢਿਲਕ ਗਈ ਤਾਂ ਉਹ ਧੋਤੀ ਸਾਂਭਦਾ ਦੌੜ ਗਿਆ ਮਗਰੋਂ ਹੋਰ ਅੰਞਾਣੇ ਹੀ ਹੀ ਕਰਕੇ ਦੌੜ ਗਏ। ਜਿਵੇਂ ਕ੍ਰਿਸ਼ਨ ਦੇ ਪਿਛੇ ਉਸ ਦੇ ਹਮਜੋਲੀ ਹੁੰਦੇ ਹਨ। ਬੱਚਿਆਂ ਦੇ ਭਾਅ ਦਾ ਤਾਂ ਅੱਜ ਮੇਲਾ ਹੀ ਸੀ ਵਾਹਵਾ ਖੁਸ਼ੀ ਭੀਰਆ ਮਾਹੌਲ ਸੀ। ਖੁਲਾ ਡੁਲਾ ਸਾਦਾ ਅਤੇ ਬੇਤੁਕਲਫ।

ਸਾਨੂੰ ਮੁੜ ਪਹਿਲੇ ਹਾਲ ਵਿਚ ਲੈਜਾਇਆ ਗਿਆ ਤੇ ਹੁਣ ਬਾਕਾਇਦਾ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀ ਸਕੱਤਰ ਨੇ ਸੰਖੇਪ ਭਾਸ਼ਨ ਤੋਂ ਇਲਾਵਾ, ਸੋਵੀਅਤ ਭਾਰਤ ਦੋਸਤੀ ਜ਼ਿੰਦਾਬਾਦ ਅਤੇ ਜੈ ਹਿੰਦ ਦੇ ਨਾਅਰਿਆਂ ਨਾਲ ਸਭ ਦਾ ਸੁਆਗਤ ਕੀਤਾ। ਉਸ ਤੋਂ ਬਾਅਦ ਸੰਗੀਤ ਦਾ ਪ੍ਰੋਗਰਾਮ ਹੋਇਆ। ਛੋਟੇ ਛੋਟੇ ਮਾਸੂਮ ਬੱਚਿਆਂ ਦੀ ਇਕ ਢਾਣੀ ਸਟੇਜ ਤੇ ਆਈ। ਉਹਨਾਂ ਦੀ ਸੰਗੀਤ ਦੀ ਅਧਿਆਪਕਾ ਹੱਥ ਵਿਚ ਬੈਟਨ ਫੜ ਕੇ ਐਨ ਉਹਨਾਂ ਦੇ ਸਾਹਮਣੇ ਸਟੇਜ ਦੇ ਥਲੇ ਖਲੋਤੀ ਉਹਨਾਂ ਨੂੰ


Sri Satguru Jagjit Singh Ji eLibrary NamdhariElibrary@gmail.com

ਬਹੁਤ ਫੁਰਤੀ ਨਾਲ ਨਿਰਦੇਸ਼ਨ ਦੇ ਰਹੀ ਸੀ। ਬੱਚੇ ਗਾ ਰਹੇ ਸਨ ਰੂਸੀ ਗੀਤ ਨਿਰਦੇਸ਼ਕ ਗੀਤ ਦੀ ਆਵਾਜ਼ ਨਹੀਂ ਸੀ ਕਢਦੀ ਪਰ ਬੁਲ੍ਹ ਨਾਲ ਨਾਲ ਹਿਲਾ ਰਹੀ ਸੀ। ਉਸ ਤੋਂ ਬਾਅਦ ਭਾਰਤੀ ਸੰਗੀਤ ਦਾ ਰਿਕਾਰਡ ਵਜਾਇਆ ਨਗਮਾ ਤੀਨ ਤਾਲ ਵਿਚ ਸੀ ਅਤੇ ਨਾਲ ਤਬਲਾ ਸੀ। ਇਸ ਦੇ ਨਾਲ ਵਿਦਿਆਰਥੀਆਂ ਨੇ ਪੈਰੀਂ ਘੁੰਗਰੂ ਬੰਨ੍ਹ ਕੇ ਕਥਕ ਨਾਚ ਪੇਸ਼ ਕੀਤਾ। ਕ੍ਰਿਸ਼ਨ ਤੇ ਰਾਧਾ ਕਥਾ ਨੂੰ ਰੂਪਮਾਨ ਕੀਤਾ ਗਿਆ। ਇਸ ਦੇ ਬਾਦ ਭਾਰਤੀਆਂ ਵਿਚੋਂ ਵੀ ਇਕ ਨੂੰ ਜੋਸ਼ ਆ ਗਿਆ। ਬੰਬਈ ਤੋਂ ਇਕ ਮੈਡਮ ਆਈ ਹੋਈ ਸੀ। ਉਸ ਕੋਲ ਇਕ ਇਲੈਕਟ੍ਰਾਨਿਕ ਨਿਕਚੂ ਵਾਜਾ ਸੀ। ਉਸ ਨੇ ਉਸ ਦੇ ਉਤੇ ਇਕ ਹਿੰਦੁਸਤਾਨੀ ਫਿਲਮ ਦੀ ਧੁਨ ਵਜਾ ਕਢੀ। ਇਸ ਕਾਰਜ ਨਾਲ ਉਹ ਵੀ ਬਹੁਤ ਖੁਸ਼ ਹੋਈ ਅਤੇ ਰੂਸੀ ਮਿਤਰ ਵੀ। ਉਸ ਦੇ ਕਥਨ ਅਨੁਸਾਰ ਉਹ ਬੰਬਈ ਦੇ ਫਿਲਮ ਜਗਤ ਨਾਲ ਸਬੰਧਤ ਸੀ।

ਮੇਰੇ ਕੋਲ ਉਹ ਰੂਸੀ ਵਿਦਿਆਰਥੀ ਅਲੈਗਜ਼ਾਂਦਰ ਬੈਠਾ ਸੀ। ਉਸ ਨੂੰ ਕੁਝ ਲਿਖਣ ਵਾਸਤੇ ਪੈਨ ਪੈਂਸਿਲ ਚਾਹੀਦਾ ਸੀ। ਮੈਂ ਸੋਚਿਆ ਬਾਲ ਪੈਨ ਇਸਨੂੰ ਭੇਟ ਹੀ ਕਰਦਿਆਂ। ਵਿਲਸਨ ਦਾ ਜੋਟਰ ਪੈਨ ਮੈਂ ਉਸ ਨੂੰ ਦਿਤਾ। ਉਹ ਲਿਖ ਕੇ ਮੈਨੂੰ ਵਾਪਸ ਕਰਨ ਲਗਾ। ਮੈਂ ਕਿਹਾ ਆਪ ਰਖ ਲੀਜੀਏ ਆਪ ਕੇ ਲੀਏ ਹੀ ਹੈ। ਥੋਹੜਾ ਹਿਚਕਚਾ ਕੇ ਉਹ ਪੁਛਣ ਲਗਾ: ਆਪ ਮੁਝੇ ਉਪਹਾਰ ਦੇ ਰਹੇ ਹੈਂ? ਮੈਂ ਕਿਹਾ ਹਾਂ ਯਹ ਉਪਹਾਰ ਹੈ। ਤਾਂ ਉਸ ਨੇ ਸ਼ੁਕਰੀਆ ਕਹਿੰਦਿਆਂ ਪੈਨ ਰਖ ਲਿਆ। ਮੈਨੂੰ ਮਹਿਸੂਸ ਹੋਇਆ ਕਿ ਭਾਰਤੀ ਪੈਨ ਪੈਂਸਲਾਂ ਨੂੰ ਰੂਸ ਵਿਚ ਬਹੁਤ ਪਸੰਦ ਕੀਤਾ ਜਾਂਦਾ ਹੈ।

ਅੰਤ ਉਤੇ ਰਿਕਾਰਡ ਹੋਈ ਭੈਰਵੀ ਦੀ ਧੁਨ ਨਾਲ ਬੱਚਿਆਂ ਨੇ ਨ੍ਰਿਤ ਕੀਤਾ ਅਤੇ ਗਾਣਾ ਗਾਇਆ। ਇਸ ਦੇ ਨਾਲ ਹੀ ਬਾਰ ਬਾਰ ਦਾਦ ਲੈਂਦਾ ਪ੍ਰੋਗਰਾਮ ਸਮਾਪਤ ਸੀ। ਮਹਾਰਾਸ਼ਟਰ ਦਾ ਇਕ ਫੋਟੋ ਜਰਨਲਿਸਟ ਤਸਵੀਰਾਂ ਖਿਚ ਰਿਹਾ ਸੀ। ਉਸ ਨੇ ਮੌਕਾ ਮਿਲਦਿਆਂ ਹੀ ਮਾਈਕ ਤੇ ਜਾ ਕੇ ਭਾਰਤੀ ਵਫਦ ਵਲੋਂ ਧਨਵਾਦ ਕਰ ਦਿਤਾ, "ਹਮੇਂ ਬਹੁਤ ਖੁਸ਼ ਕੀਆ, ਹਮ ਬਹੁਤ ਆਭਾਰੀ ਹੈਂ" ਆਦਿ ਆਦਿ। ਮੇਰੇ ਕੋਲ ਟਰੁਪ ਇੰਚਾਰਜ ਸ੍ਰੀ ਲਾਲਵਾਣੀ ਬੈਠਾ ਸੀ। ਮੈਂ ਕਿਹਾ ਬਾਬਾ ਜਾ ਕੇ ਤੂੰ ਵੀ ਧਨਵਾਦ ਕਰ। ਉਹ ਕਹਿਣ ਲਗਾ ਅਬ ਕਿਆ ਕਰੂੰ। ਜਾਣੇ ਦੀਜੀਏ ਠੀਕ ਹੋ ਰਹਾ ਹੈ। ਮੈਂ ਉਸਦੇ ਕੰਨ ਵਿਚ ਫੂਕ ਮਾਰੀ ਅਤੇ ਉਹਨੇ ਫਟਾ ਫਟ ਮਾਈਕ ਦੇ ਅਗੇ ਜਾਕੇ ਬਾਂਹ ਖੜੀ ਕਰ ਕੇ ਜ਼ੋਰ ਦਾ ਨਾਅਰਾ ਮਾਰਿਆ:

ਹਿੰਦੀ ਰੂਸੀ ਭਾਈ ਭਾਈ।

ਦੁਪਹਿਰ ਬਾਦ ਅਸੀਂ ਸੰਤ ਆਈਜ਼ਕ ਦਾ ਗਿਰਜਾ ਘਰ ਵੇਖਿਆ। ਸੋਨੇ ਰੰਗੇ ਗੁੰਬਦ ਵਾਲਾ ਇਹ ਗਿਰਜਾ ਘਰ ਦੁਨੀਆ ਵਿਚ ਸਭ ਤੋਂ ਵਡੇ ਗੁੰਬਦਾਂ ਵਾਲੇ ਗਿਰਜਾਂਘਰਾਂ ਚੋਂ ਇਕ ਹੈ। ਰੋਮ ਅਤੇ ਇੰਗਲੈਂਡ ਦੇ ਵਡੇ ਗਿਰਜਿਆਂ ਨੂੰ ਮਾਤ ਪਾਉਣ ਲਈ ਬਣਾਇਆ ਇਹ ਗਿਰਜਾ ਘਰ ਅੱਜ ਕਲ ਆਮ ਲੋਕਾਂ ਲਈ ਅਜਾਇਬ ਘਰ ਬਣਾ ਦਿਤਾ ਹੈ। ਲੋਕਾਂ ਦੀਆਂ ਭੀੜਾਂ ਦੀ ਕਤਾਰ ਦੱਸਦੀ ਸੀ ਕਿ ਅੰਦਰ ਜ਼ਰੂਰ ਕੁਝ ਵੇਖਣ ਵਾਲਾ ਹੈ। ਗਰੇਨਾਈਟ ਅਤੇ ਪੱਥਰ ਦੀ ਇਹ ਮਹਾਨ ਇਮਾਰਤ ਇਤਿਹਾਸਕ ਮਹੱਤਤਾ ਵਾਲੀ ਹੈ। ਸੰਤ ਆਈਜ਼ਕ ਦੇ ਨਾਮ ਤੇ ਬਣਿਆ ਚਰਚ ਪਹਿਲਾਂ ਸ਼ਹਿਰ ਦੇ ਬਾਨੀ ਪੀਟਰ ਨੇ ਹੀ ਬਣਾਇਆ ਸੀ। ਪਹਿਲਾ ਚਰਚ ਪੱਥਰ ਦਾ ੧੭੧੨ ਵਿਚ ਬਣਾਇਆ ਸੀ ਜੋ ਅੱਗ ਨਾਲ ਤਬਾਹ ਹੋ ਗਿਆਂ ਸੀ। ਹੁਣ ਵਾਲਾ ਚਰਚ ੧੮੬੮ ਤੋਂ ਸ਼ੁਰੂ ਹੋ ਕੇ ਚਾਲੀ ਸਾਲਾਂ ਵਿਚ ਮੁਕੰਮਲ ਹੋਇਆ ਸੀ।

ਅੰਦਰ ਜਾ ਕੇ ਬੰਦਾ ਚਕ੍ਰਿਤ ਰਹਿ ਜਾਂਦਾ ਹੈ। ਸੋਨੇ ਰੰਗੀਆਂ ਈਸਾਈ ਸੰਤਾਂ ਦੀਆਂ ਤਸਵੀਰਾਂ ਬਾਈਬਲ ਦੀਆਂ ਕਹਾਣੀਆਂ ਦਰਸਾਉਂਦੀਆਂ ਅਨੇਕਾਂ ਪੇਂਟਿੰਗਜ਼ ਕੰਧਾਂ ਅਤੇ ਛੱਤਾਂ ਤੇ ਸਭ ਪਾਸੇ ਹੀ ਲਗੀਆਂ ਸਨ। ਜਗਮਗ ਜਗਮਗ ਕਰਦੀਆਂ ਰੌਸ਼ਨੀਆਂ ਅਤੇ ਬਿਜਲੀ ਨਾਲ ਜਗਦੀਆਂ ਮੋਮਬਤੀਆਂ ਇਕ ਦਿਲਕਸ਼ ਨਜ਼ਾਰਾ ਪੇਸ਼ ਕਰਦੀਆਂ ਸਨ। ਲੋਕਾਂ ਦੀ ਸ਼ਰਧਾ ਅਤੇ ਬਾਦਸ਼ਾਹੀ ਜਲੌ ਦਾ ਸੁਮੇਲ ਇਹ ਗਿਰਜਾ ਬੀਤੇ ਦੀਆਂ ਬਾਤਾਂ ਪਾਉਂਦਾ ਸੀ।

ਆਦਮ ਅਤੇ ਹਵਾ ਦਾ ਵਿਸ਼ਾਲ ਕੰਧ ਚਿੱਤਰ, ਮੈਡੋਨਾ ਇਨ ਗਲੋਰੀ, ਮੈਡੋਨਾ ਦੁਆਲੇ ਸੰਤਾਂ ਦਾ ਘੇਰਾ ਅਤੇ ਹੋਰ ਦਿਲਚਸਪ ਤਸਵੀਰਾਂ ਸਨ। ਇਹ ਉਨਵੀਂ ਸਦੀ ਦੇ ਸਭ ਤੋਂ ਵਧੀਆ ਰੂਸੀ ਕਲਾਕਾਰਾਂ ਦੁਆਰਾਂ ਬਣਾਈਆਂ ਗਈਆਂ ਸਨ। ਬਹੁਤ ਸਾਰੀਆਂ ਤਸਵੀਰਾਂ ਮੌਜ਼ਾਇਕਸ ਸਨ ਭਾਵ ਰੰਗ ਬਰੰਗੇ ਪੱਥਰਾਂ ਦੇ ਗੀਟਿਆਂ ਨੂੰ ਜੋੜ ਕੇ ਤਸਵੀਰਾਂ ਬਣਾਈਆਂ ਹੋਈਆਂ ਸਨ। ਕੈਨਵੈਸ ਤੇ ਤੇਲ ਤਸਵੀਰਾਂ ਵੀ ਸਨ। ਇਕ ਕਲਾਕਾਰ ਨੇ ਨਿੰਬੂ ਦੀ ਲਕੜੀ ਨਾਲ ਇਸ ਗਿਰਜੇ ਦਾ ਮਾਡਲ ਬਣਾਇਆ ਸੀ ਜੋ ਅਸਲ ਦਾ ੧੬੭ਵਾਂ ਭਾਗ ਹੈ। ਇਸ ਨੂੰ ਬਣਾਉਣ ਵਾਸਤੇ ਦਸ ਸਾਲ ਲਗ ਗਏ ਸਨ। ਸੈਂਟਰ ਕਾਲਮ ਵਿਚ ਦਸ ਕਿਸਮਾਂ ਦਾ ਪੱਥਰ ਲਗਾ ਹੈ।

ਇਹ ਗਿਰਜਾ ਅੱਜ ਵੀ ਲੋਕਾਂ ਦੀ ਖਿਚ ਦਾ ਕਾਰਨ ਹੈ। ਜਦੋਂ ਰੂਸੀ ਲੋਕ ਇਤਿਹਾਸਕ ਕਾਰਨਾਂ ਕਰਕੇ ਧਰਮ ਵਲੋਂ ਬੇ-ਮੁਖ ਹੋਏ ਤਾਂ ਬਹੁਤ ਸਾਰੇ ਧਰਮ ਅਸਥਾਨ ਬੇ-ਆਬਾਦ ਹੋ ਗਏ। ਪਰ ਇਹਨਾਂ ਵਿਚਲੀ ਕਲਾ ਨੂੰ ਸੰਭਾਲਣ ਵਾਸਤੇ ਸੋਵੀਅਤ ਸਰਕਾਰ ਨੇ ਇਹਨਾਂ ਨੂੰ ਅਜਾਇਬ ਘਰਾਂ ਵਿਚ ਬਦਲ ਦਿਤਾ ਜਿਥੇ ਜਾ ਕੇ ਦਰਸ਼ਕ ਕਿਸੇ ਜ਼ਮਾਨੇ



Sri Satguru Jagjit Singh Ji eLibrary NamdhariElibrary@gmail.com

ਵਿਚ ਧਰਮ ਦੀ ਚੜ੍ਹਤ ਦਾ ਪਰਭਾਵ ਵੇਖ ਸਕਦੇ ਹਨ ।

ਰਾਤ ਦਾ ਖਾਣਾ ਸ਼ਾਮ ਨੂੰ ਹੀ ਖਾ ਲਿਆ ਗਿਆ ਸੀ । ਅੱਜ ਰੂਸੀ ਬੈਲੇ ਦੇਖਣ ਜਾਣਾ ਸੀ । ਭਾਵੇਂ ਜਲਦੀ ਖਾਣੇ ਦੀ ਭੁੱਖ ਨਹੀਂ ਸੀ ਪਰ ਬੈਲੇ ਤੋਂ ਵਾਪਸੀ ਤਕ ਹੋਟਲ ਵਿਚੋਂ ਖਾਣਾ ਨਹੀਂ ਸੀ ਮਿਲਣਾ । ਬੈਲੇ ੮.੩੦ ਵਜੇ ਸ਼ੁਰੂ ਹੋਣਾ ਸੀ । ਦੋ ਘੰਟੇ ਦੇ ਪ੍ਰੋਗਰਾਮ ਬਾਦ ਵਾਪਸ ਆਉਣਾ ਸੀ । ਇਸ ਸਮੇਂ ਤੇ ਹੋਟਲਾਂ ਦੇ ਕਾਮੇ ਛੁੱਟੀ ਕਰ ਚੁੱਕੇ ਹੁੰਦੇ ਸਨ ।

ਕਾਹਲੀ ਕਾਹਲੀ ਸਭ ਕੁਝ ਕਰਦਿਆਂ ਵੀ ਖਾਲਸ ਭਾਰਤੀ ਕਿਸਮ ਦੀ ਬੇਪਰਵਾਹੀ ਵਿਚ ਜਦੋਂ ਅਸੀਂ ਹਾਲ ਵਿਚ ਪੁਜੇ ਤਾਂ ਪ੍ਰੋਗਰਾਮ ਸ਼ੁਰੂ ਹੋ ਚੁੱਕਾ ਸੀ ।

ਸੋਵੀਅਤ ਕਲਾਸਕੀ ਬੈਲੇ ਇਕ ਨ੍ਰਿਤ ਹੈ । ਇਸ ਨ੍ਰਿਤ ਦਾ ਜਨਮ ਤਾਂ ਫਰਾਂਸ ਵਿਚ ਹੋਇਆ । ਯੂਰਪ ਦੇ ਹੋਰ ਦੇਸਾਂ ਵਿਚ ਵੀ ਇਹ ਨਾਚ ਪ੍ਰਚਲਤ ਹੈ ।

ਸੋਵੀਅਤ ਯੂਨੀਅਨ ਦਾ ਕਲਾਸਕੀ ਬੈਲੇ ਇਸ ਵੇਲੇ ਸੰਸਾਰ ਵਿਚ ਸਰਵਉਚ ਸਥਾਨ ਰਖਦਾ ਹੈ । ਸੋਵੀਅਤ ਯੂਨੀਅਨ ਵਿਚ ਹਰ ਵਡੇ ਸ਼ਹਿਰ ਵਿਚ ਇਸ ਵਾਸਤੇ ਵਖਰੀਆਂ ਨ੍ਰਿਤ ਸ਼ਾਲਾਵਾਂ ਹਨ ਅਤੇ ਰੋਜ਼ਾਨਾ ਸ਼ੋਅ ਹੁੰਦੇ ਹਨ । ਸਾਨੂੰ ਭਾਰਤੀ ਵਿਦਿਆਰਥੀਆਂ ਦਸਿਆ ਸੀ ਕਿ ਇਹਨਾਂ ਪ੍ਰੋਗਰਾਮਾਂ ਦੀ ਟਿਕਟਾਂ ਵਾਸਤੇ ਰੂਸੀਆਂ ਨੂੰ ਛੇ ਛੇ ਮਹੀਨੇ ਉਡੀਕਣਾ ਪੈਂਦਾ ਹੈ ਪਰ ਬਾਹਰਲੇ ਦੇਸ਼ਾਂ ਤੋਂ ਜਾਣ ਵਾਲਿਆਂ ਵਾਸਤੇ ਛੇਤੀ ਦੇਖਣ ਦਾ ਪਰਬੰਧ ਹੋ ਜਾਂਦਾ ਹੈ ।

ਜਦੋਂ ਅਸੀਂ ਅਪਣੇ ਕੋਟ ਜਮਾਂ ਕਰਾ ਕੇ ਹਾਲ ਵਿਚ ਦਾਖਲ ਹੋਏ ਤਾਂ ਅੰਦਰ ਹਨੇਰਾ ਜਿਹਾ ਸੀ । ਥੋੜਾ ਠਹਿਰਕੇ ਸਾਡੀਆਂ ਅੱਖਾਂ ਨੂੰ ਰੌਸ਼ਨੀ ਮਿਲੀ । ਸਾਹਮਣੇ ਸਟੇਜ ਸੀ ਜੋ ਅਨਦਿਸਦੀਆਂ ਰੌਸ਼ਨੀਆਂ ਦੇ ਪਰਛਾਵੇਂ ਵਿਚ ਕਿਸੇ ਦੂਸਰੀ ਦੁਨੀਆ ਦਾ ਲਗਦਾ ਸੀ । ਬੈਠਣ ਲਈ ਬਹੁਤ ਹੀ ਕੀਮਤੀ ਅਤੇ ਨਰਮ ਸੋਫੇ ਸਨ । ਚਲਦੇ ਪ੍ਰੋਗਰਾਮ ਵਿਚ ਧਾੜ ਦੀ ਧਾੜ ਵਾਂਗ ਅੰਦਰ ਜਾ ਵੜਣ ਨਾਲ ਮੈਨੂੰ ਬਹੁਤ ਸੰਗ ਆਈ । ਬੈਲੇ ਪਰਬੰਧਕਾਂ ਨੂੰ ਪਤਾ ਸੀ ਕਿ ਸੌ ਕੁ ਦਰਸ਼ਕ ਆਉਣੇ ਹਨ ਪਰ ਉਹ ਪ੍ਰੋਗਰਾਮ ਲੇਟ ਨਹੀਂ ਸੀ ਕਰ ਸਕਦੇ । ਸਾਡੇ ਟੂਰ ਗਾਈਡ ਅਤੇ ਲੋਕਲ ਗਾਈਡਾਂ ਨੇ ਬੜੇ ਆਰਾਮ ਨਾਲ ਥਾਉ-ਥਾਈਂ ਬੈਠਾ ਦਿਤਾ ਸੀ । ਸਟੇਜ ਤੇ ਹਨੇਰਾ ਸੀ ਪਰ ਯਕਦਮ ਕੁਝ ਮਨੁੱਖੀ ਸਰੀਰ ਜਿਹੇ ਚਮਕ ਪਏ । ਜਿਵੇਂ ਕੈਨਵਸ ਤੇ ਕੋਈ ਪੇਂਟਿੰਗ ਬਣਾਈ ਹੋਵੇ ਜਾਂ ਸੰਗਮਰਮਰ ਦੇ ਬੁੱਤ ਹੋਣ । ਬਿਲਕੁਲ ਸਫੈਦ ਸੰਗਮਰਮਰ ਦੇ ਔਰਤ ਅਤੇ ਮਰਦਾਂ ਦੇ ਬੁੱਤ । ਇਹ ਕਿੰਨੇ ਹੀ ਜੋੜੇ ਸਨ ਹੌਲੀ ਹੌਲੀ ਇਹਨਾਂ ਵਿਚ ਹਰਕਤ ਆਈ । ਕੋਈ ਕਾਹਲੀ ਨਹੀਂ, ਕੋਈ ਤੇਜ਼ੀ ਨਹੀਂ, ਜਿਵੇਂ ਕੋਈ ਸ਼ਾਸਤਰੀ ਸੰਗੀਤ ਦਾ ਗਾਇਕ ਧੀਮੀ ਗਤੀ ਤੋਂ ਆਲਾਪ ਸ਼ੁਰੂ ਕਰ ਕੇ ਰਾਗ ਦੀਆਂ ਵੱਖ ਸੁਰਾਂ ਅਤੇ ਬਾਰੀਕੀਆਂ ਦੀਆਂ ਘੁੰਡੀਆਂ ਖੋਲਦਾ ਜਾਂਦਾ ਹੈ । ਇਵੇਂ ਹੀ ਇਹਨਾਂ ਕਲਾਕਾਰਾਂ ਨੇ ਆਪਣੀਆਂ ਮੁਦਰਾਵਾਂ ਰਾਹੀਂ ਕਲਾ ਦੀਆਂ ਬਾਰੀਕ ਬਾਰੀਕ ਕ੍ਰਿਤੀਆਂ ਨੂੰ ਰੂਪਮਾਨ ਕੀਤਾ । ਕਲਾਕਾਰਾਂ ਦੇ ਰਬੜ ਵਾਂਗ ਮਚਕੋੜੇ ਖਾਂਦੇ ਸਰੀਰ । ਮਨੁੱਖੀ ਅਨੁਭਵਾਂ, ਮਨੋਬਿਰਤੀਆਂ ਵੇਗਾਂ ਅਤੇ ਮੂਡਾਂ ਨੂੰ ਸਾਕਾਰ ਕਰਦੇ ਹਾਵ ਭਾਵ । ਇਵੇਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਕੁਲ ਦੁਨੀਆਂ ਦੀ ਪੀੜਾ, ਕੁਲ ਬਿਰਹਾ, ਕੁਲ ਖੁਸ਼ੀਆਂ, ਗਮੀਆਂ, ਪਰਸੰਨਤਾ, ਵਿਜੋਗ, ਵਿਦਰੋਹ, ਸੰਜੋਗ ਇਹਨਾਂ ਕਲਾਕਾਰਾਂ ਨੇ ਪਰਗਟ ਕਰ ਦਿਤਾ ਹੋਵੇ ।

ਬੈਲੇ ਡਾਂਸ ਦੀਆਂ ਵੱਖ ਵੱਖ ਕ੍ਰਿਤੀਆਂ ਕਿਸੇ ਪ੍ਰਸੰਗ ਦੀ ਪਿਸ਼ਟ ਭੂਮੀ ਵਿਚ ਸਨ । ਇਹਨਾਂ ਦੇ ਵਿਸ਼ੇ ਸੰਸਾਰ ਸਾਹਿਤ ਦੀਆਂ ਪਰਮੁਖ ਰਚਨਾਵਾਂ ਚੋਂ ਵੀ ਸਨ। ਕਲਾਕਾਰਾਂ ਨੇ ਇਹਨਾਂ ਨੂੰ ਆਪਣੀ ਅਭਿਨੈ ਕਲਾ ਨਾਲ, ਕੇਵਲ ਅਭਿਨੈ ਨਾਲ ਬਗੈਰ ਬੋਲਾਂ ਤੋਂ ਕੇਵਲ ਸਾਜ਼ ਸੰਗੀਤ ਦੀ ਸਹਾਇਤਾ ਨਾਲ ਪੇਸ਼ ਕੀਤਾ । ਕਲਾਕਾਰਾਂ ਨੇ ਸਫੈਦ ਰੰਗ ਦੇ ਵਸਤਰ ਪਾਏ ਹੋਏ ਸਨ ਜੋ ਸਰੀਰ ਦੀ ਚਮੜੀ ਹੀ ਜਾਪਦੇ ਸਨ । ਇਕ ਆਈਟਮ ਤੋਂ ਬਾਦ ਦੂਸਰੀ ਆਈਟਮ ਬਗੈਰ ਏਲਾਨ ਦੇ ਆਈ ਜਾ ਰਹੀ ਸੀ । ਲੋਕ ਸੁੰਨ ਹੋ ਕੇ ਦੇਖ ਰਹੇ ਸਨ । ਪਤਾ ਹੀ ਨਹੀਂ ਜਿਵੇਂ ਹੁੰਦਾ ਕਿ ਕਿਥੇ ਬੈਠੇ ਹਨ । ਬਹੁਤ ਆਜ਼ਾਦੀ ਅਤੇ ਬੇਬਾਕੀ ਨਾਲ ਕਲਾਕਾਰਾਂ ਨੇ ਵੱਖ ਵੱਖ ਅਨੁਭੂਤੀਆਂ ਨੂੰ ਵਿਅਕਤ ਕੀਤਾ । ਮੋਹ, ਪ੍ਰੇਮ, ਈਰਖਾ, ਬਦਲਾ, ਕ੍ਰੋਧ, ਲੋਭ, ਹਿੰਸਾ, ਅਹਿੰਸਾ, ਬੇਚਾਰਗੀ, ਬੇਬਸੀ, ਸਮਰਥਾ, ਮਾਨ, ਅਪਮਾਨ ਅਨੇਕਾਂ ਵੇਗਾਂ ਨੂੰ ਨਿੱਜ ਦੀ ਪੱਧਰ ਤੋਂ ਲੋਕ ਪੱਧਰ ਤਕ ਪੇਸ਼ ਕਰਕੇ ਦੋਸਤੀ ਮਿਲਵਰਤਣ ਅਤੇ ਸੰਸਰ ਅਮਨ ਨੂੰ ਮੁਖ ਰੂਪ ਵਿਚ ਉਭਾਰਿਆ । ਪ੍ਰੇਮ ਦ੍ਰਿਸ਼ਾਂ ਨੂੰ ਸ਼ੁਰੂ ਵਿਚ ਦਰਸਾਉਂਦਾ ਪ੍ਰੋਗਰਾਮ ਅੰਤ ਉਤੇ ਮਜ਼ਦੂਰਾਂ ਦੀ ਘਾਲਨਾ, ਸਮਾਜਕ ਚੇਤਨਾ ਅਤੇ ਸੰਸਾਰ ਸ਼ਾਂਤੀ ਤੇ ਮਨੁੱਖੀ ਮਿਲਵਰਤਣ ਜਿਹੇ ਵਿਸ਼ਿਆਂ ਨੂੰ ਛੋਹੰਦਾ ਸਮਾਪਤ ਹੋਇਆ । ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਅਜੇਹਾ ਪ੍ਰੋਗਰਾਮ ਦੇਖਿਆ ਜਿਸਨੇ ਧੁਰ ਅੰਤਰ ਆਤਮਾ ਨੂੰ ਏਡੀ ਸ਼ਿਦਤ ਨਾਲ ਝੰਜੋੜਿਆ ਹੋਵੇ । ਦੋ ਘੰਟੇ ਤਕ ਕਿਸੇ ਨੂੰ ਖਿਆਲ ਨਹੀਂ ਆਇਆ ਕਿ ਸਾਹ ਵੀ ਲੈ ਸਕੇ ਜਾਂ ਸੁਣ ਸਕੇ ।

ਕਲਾਕਾਰਾਂ ਨੇ ਵਿਸ਼ੇਸ਼ ਸਕੂਲਾਂ ਵਿਚ ਬਚਪਨ ਤੋਂ ਲੈ ਕੇ ਕਰੜੀ ਤਪਸਿਆ ਅਤੇ ਸਾਧਨਾ ਰਾਹੀਂ ਕਲਾ ਦੇ ਇਸ ਪੱਧਰ ਨੂੰ ਪ੍ਰਾਪਤ ਕੀਤਾ ਹੈ । ਸਮਾਂ ਦੋ ਘੰਟੇ ਦਾ ਅਤੇ ਕਲਾ ਦੀ ਪੱਧਰ ਏਡੀ ਗਾਹੜੀ ਸੀ ਕਿ ਸੀਮਤ ਤੋਂ ਸੀਮਤ ਸਾਧਨਾਂ ਵਾਲਾ ਵਿਅਕਤੀ ਵੀ ਇਹ ਕਹਿ ਰਿਹਾ ਸੀ । ਦੌਰੇ ਤੇ ਕੁਲ ਖਰਚੇ ਪੈਸੇ ਜੇ ਇਕਲੇ ਇਸੇ ਇਕੋ ਪ੍ਰੋਗਰਾਮ ਵਾਸਤੇ ਵੀ ਖਰਚੇ ਜਾਂਦੇ ਤਾਂ ਵੀ ਸੌਦਾ ਸਸਤਾ ਸੀ । (ਚਲਦਾ)


Sri Satguru Jagjit Singh Ji eLibrary NamdhariElibrary@gmail.com

# ਕੋਸ਼ ਸ਼ਬਦ

(ਹਰ ਵਿਅਕਤੀ ਅਣਗਿਣਤ ਸ਼ਬਦ ਬੋਲਦਾ ਸੁਣਦਾ ਹੈ। ਉਹਨਾਂ ਬਾਰੇ ਜਾਣਕਾਰੀ ਅਰਥ, ਵਿਆਖਿਆ ਵੀ ਆਪਣੀ ਆਪਣੀ ਹੀ ਹੁੰਦੀ ਹੈ ਕਈ ਵਾਰ ਦੂਸਰਿਆਂ ਨਾਲ ਮਿਲਦੀ ਅਤੇ ਕਦੀ ਭਿੰਨ ਹੁੰਦੀ ਹੈ। ਪਰ ਵਿਦਵਾਨ ਕਿਵੇਂ ਸੋਚਦੇ ਹਨ ਅਤੇ ਸ਼ਬਦ ਕੋਸ਼ਾਂ ਵਿਚ ਵਖ ਵਖ ਸ਼ਬਦਾਂ ਦੇ ਅਰਥ ਅਤੇ ਵਿਆਖਿਆ ਕੀ ਹੈ ਇਹ ਕਈ ਵਾਰ ਬਹੁਤ ਦਿਲਚਸਪ ਜਾਣਕਾਰੀ ਹੁੰਦੀ ਹੈ। ਇਸ ਕਾਲਮ ਵਿਚ ਸ਼ਬਦ ਕੋਸ਼ਾਂ ਵਿਚੋਂ ਸ਼ਬਦ ਲੈ ਕੇ ਉਥੇ ਲਿਖੇ ਅਨੁਸਾਰ ਉਹਨਾਂ ਦੇ ਅਰਥ ਅਤੇ ਵਿਆਖਿਆ ਅਸੀਂ ਪ੍ਰਕਾਸ਼ਤ ਕਰਦੇ ਹਾਂ।

—ਸੰਪਾਦਕ

---

**ਗੁਲਾਬੂ** :—ਇਹ ਤਮਾਖੂ ਵੇਚਣ ਵਾਲਾ ਇਕ ਬਾਣੀਆ ਸੀ। ਬਹਾਦਰ ਸ਼ਾਹ ਵੇਲੇ ਜਦ ਸਿੰਘਾਂ ਦੀ ਧਰਮਵੀਰਤਾ ਵੇਖੀ ਤਾਂ ਖਾਲਸਾ ਦਲ ਨਾਲ ਮਿਲ ਗਿਆ। ਇਸ ਨੇ ਲੋਹਗੜ੍ਹ ਦੇ ਕਿਲੇ ਬੰਦਾ ਬਹਾਦਰ ਦੀ ਪੋਸ਼ਾਕ ਪਹਿਨਕੇ ਵੈਰੀਆਂ ਨੂੰ ਧੋਖਾ ਦਿਤਾ, ਜਿਸ ਤੋਂ ਬੰਦਾ ਬਹਾਦਰ ਸਹੀ ਸਲਾਮਤ ਪਹਾੜਾਂ ਵਲ ਚਲਾ ਗਿਆ। ਗੁਲਾਬੂ ਲੋਹੇ ਦੇ ਪਿੰਜਰੇ ਪਾ ਕੇ ਦਿੱਲੀ ਭੇਜਿਆ ਗਿਆ ਅਤੇ ਕਈ ਵਰ੍ਹੇ ਕੈਦ ਰਿਹਾ। ਜਦ ਬੰਦਾ ਬਹਾਦਰ ਕੈਦ ਹੋ ਕੇ ਦਿੱਲੀ ਪਹੁੰਚਿਆ ਤਾਂ ਉਸ ਦੇ ਸਾਹਮਣੇ ਗੁਲਾਬੂ ਕਤਲ ਕੀਤਾ ਗਿਆ। ਮਹਾਨਕੋਸ਼ ਪੰਨਾ ੪੨੩-੨੪

**ਦੁਆਦਸ ਸੇਵਾ** :—

੧. ਬਾਰਾਂ ਦੇਵਤਿਆਂ ਦੀ ਸੇਵਾ ੨. ਬਾਰਾਂ ਜੋਤਿਰ ਲਿੰਗਾਂ ਦੀ ਸੇਵਾ ੩. ਬਾਰਾਂ ਸੂਰਜਾਂ ਦੀ ਸੇਵਾ ੪. ਹਿੰਦੂ ਮਤ ਦੇ ਗ੍ਰੰਥਾਂ ਵਿਚ ਬਾਰਾਂ ਪ੍ਰਕਾਰ ਦੀ ਸੇਵਾ ਇਹ ਹੈ—ਦੇਵਤਾ ਦੇ ਮੰਦਿਰ ਬਣਾਉਣ ਲਈ ਚਲਣਾ, ਮੰਦਿਰ ਦੀ ਪਰਿਕ੍ਰਮਾ, ਦੇਵਤਾ ਦੇ ਧਾਮ ਪਰਸਣ ਲਈ ਯਾਤਰਾ, ਇਹ ਤਿੰਨੇ ਪਦਸੇਵਾ ਹਨ।

ਪੂਜਾ ਵਾਸਤੇ ਫੁੱਲ ਪੱਤੇ ਤੋੜਣੇ, ਝਾੜੂ ਦੇਣਾ, ਮੂਰਤੀ ਦਾ ਸ਼ਨਾਨ ਸ਼ਿੰਗਾਰ ਕਰਾਉਣਾ, ਇਹ ਤਿੰਨ ਕਰ ਸੇਵਾ ਹਨ।

ਨਾਮ ਕੀਰਤਨ, ਇਹ ਬਾਣੀ ਸੇਵਾ ਹੈ। ਹਰਿ ਕਥਾ ਸੁਣਨੀ, ਇਹ ਕਰਣਸੇਵਾ ਹੈ। ਮੂਰਤੀ ਦਾ ਦਰਸ਼ਨ, ਇਹ ਨੇਤ੍ਰਸੇਵਾ ਹੈ। ਠਾਕੁਰ ਦਾ ਪ੍ਰਸ਼ਾਦ ਸਿਰ ਚੜ੍ਹਾਉਣਾ ਅਤੇ ਪ੍ਰਣਾਮ ਇਹ ਦੋ ਸਿਰ ਸੇਵਾ ਹਨ। ਦੇਵਤੇ ਦੇ ਉੱਪਰ ਚੜ੍ਹੇ ਫੁੱਲ ਸੁੰਘਣੇ ਨਾਸਿਕ ਸੇਵਾ ਹੈ :

'ਜਉ ਗੁਰਦੇਉ'' ਦੁਆਦਸ ਸੇਵਾ

ਭੈਰ : ਨਾਮਦੇਵ

**ਸੋਮਾ** ਸੰਗਯਾ-ਚਸ਼ਮਾ। ਪਾਣੀ ਦਾ ਸ੍ਰੋਤ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਿਦਕੀ ਸਿੱਖ ਭਾਈ ਸੋਮਾ। ਇਹ ਸੱਜਣ ਝੰਗ ਦੇ ਇਲਾਕੇ ਦਾ ਵਸਨੀਕ ਸੀ। ਅੰਮ੍ਰਿਤਸਰ ਬਣਨ ਵੇਲੇ ਤਾਲ ਦੀ ਸੇਵਾ ਕਰਦਾ ਹੋਇਆ ਇਕ ਦਿਨ ਭਾਈ ਸੋਮਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਬੈਠਾ ਹੋਇਆ ਸੀ। ਇਕ ਫਕੀਰ ਨੇ ਗੁਰੂ ਸਾਹਿਬ ਤੋਂ ਕੁਝ ਮੰਗਿਆ, ਉਸ ਸਮੇਂ ਗੁਰੂ ਸਾਹਿਬ ਦੇ ਅਗੇ ਭੇਟਾ-ਪੂਜਾ ਦਾ ਕੁਝ ਧਨ ਨਹੀਂ ਸੀ। ਸਤਿਗੁਰਾਂ ਨੇ ਪੁਛਿਆ ਕਿ ਕਿਸੇ ਸਿੱਖ ਪਾਸ ਕੁਝ ਹੈ? ਭਾਈ ਸੋਮੇ ਪਾਸ ਦੋ ਪੈਸੇ ਸਨ, ਸੋ ਉਸ ਨੇ ਪੇਸ਼ ਕੀਤੇ ਅਰ ਫਕੀਰ ਨੂੰ ਦਿਤੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਸੋਮਾ ਸਾਡਾ ਸ਼ਾਹ ਹੈ। ਉਸ ਵੇਲੇ ਤੋਂ ਭਾਈ ਸੋਮੇ ਦੀ ਸ਼ਾਹ ਪਦਵੀ ਹੋਈ ਅਰ ਗੁਰੂ ਸਾਹਿਬ ਦੇ ਵਰਦਾਨ ਕਰਕੇ ਵਪਾਰ ਕਾਰ ਵਿਚ ਬਹੁਤ ਵਾਧਾ ਹੋਇਆ। ਭਾਈ ਸੋਮੇ ਦੀ ਵੰਸ਼ ਦੇ ਲੋਕ ਹੁਣ, ਸਾਹੀਵਾਲ, ਡੇਰਾ ਇਸਮਾਈਲ ਖਾਨ, ਭੱਖਰ, ਬੰਨੂ ਅਤੇ ਮੀਆਂਵਾਲੀ ਆਦਿ ਥਾਵਾਂ ਵਿਚ ਵਸਦੇ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਸਹਿਜਧਾਰੀ ਅਤੇ ਕੁਝ ਸਿੰਘ ਹਨ। ਸਭ ਦੇ ਨਾਉਂ ਪਿੱਛੇ ਸ਼ਾਹ ਪਦਵੀ ਹੁੰਦੀ ਹੈ। ਜੈਸੇ—ਅਰਜਨ ਸ਼ਾਹ ਸਿੰਘ, ਕਰਮਚੰਦ ਸ਼ਾਹ ਆਦਿ।

ਮਹਾਨ ਕੋਸ਼—ਪੰਨਾ ੨੩੩

**ਸੰਤ** ਅਥਵਾ **ਸੰਤੁ** ਸੰ: ਸ਼ਾਂਤ ਵਿ—ਮਨ ਇੰਦ੍ਰੀਆਂ ਨੂੰ ਜਿਸ ਨੇ ਟਿਕਾਇਆ ਹੈ। ਸ਼ਾਂਤ ਆਤਮਾ ''ਸੰਤ ਕੈ ਉਪਰਿ ਦੇਇ ਪ੍ਰਭੁ ਹਾਥ (ਗੋਂਡ ਮ: ੫) ਅੰ **Saint** ਗੁਰਬਾਣੀ ਵਿਚ ਸੰਤ ਦਾ ਲੱਛਣ ਅਤੇ ਮਹਿਮਾ ਇਸ ਤਰ੍ਹਾਂ ਹੈ :—

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ,
ਧੰਨੁ ਸਿ ਸੇਈ ਨਾਨਕਾ, ਪੂਰਨ ਸੋਈ ਸੰਤੁ
(ਮ: ੫ ਵਾਰ ਗਉ ੨)

ਆਠ ਪਹਰ ਨਿਕਟਿ ਕਰਿ ਜਾਨੈ,
ਪ੍ਰਭ ਕਾ ਕੀਆ ਮੀਠਾ ਮਾਨੈ।
ਏਕ ਨਾਮੁ ਸੰਤਨ ਆਧਾਰੁ,
ਹੋਇ ਰਹੇ ਸਭ ਕੀ ਪਗਛਾਰੁ।
ਸੰਤ ਰਹਤ ਸੁਨਹੁ ਮੇਰੇ ਭਾਈ,
ਉਆ ਕੀ ਮਹਿਮਾ ਕਥਨੁ ਨ ਜਾਈ।
ਵਰਤਣਿ ਜਾਕੈ ਕੇਵਲ ਨਾਮ,
ਅਨਦ ਰੂਪ ਕੀਰਤਨੁ ਬਿਸਰਾਮ।
ਮਿਤ੍ਰ ਸਤ੍ਰ ਜਾਕੈ ਏਕ ਸਮਾਨੈ,
ਪ੍ਰਭ ਅਪੁਨੇ ਬਿਨ ਅਵਰੁ ਨ ਜਾਨੈ।
ਕੋਟਿ ਕੋਟਿ ਅਘ ਕਾਟਨਹਾਰਾ,
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ।
ਸੂਰਬੀਰ ਬਚਨ ਕੇ ਬਲੀ,

Sri Satguru Jagjit Singh Ji eLibrary NamdhariElibrary@gmail.com

ਕਉਲਾ ਬਪੁਰੀ ਸੰਤੀ ਛਲੀ ।
ਤਾਕਾ ਸੰਗੁ ਬਾਛਹਿ ਸੁਰਦੇਵ,
ਅਮੋਘ ਦਰਸੁ ਸਫਲ ਜਾਕੀ ਸੇਵ ।
ਕਰ ਜੋੜਿ ਨਾਨਕੁ ਕਰੇ ਅਰਦਾਸਿ,
ਮੋਹਿ ਸੰਤ ਟਹਲ ਕੀ ਦੀਜੈ ਗੁਣਤਾਸਿ ।
(ਆਸਾ ਮ: ੫)

੨. ਸੰ...ਵਿਦਵਾਨ, ਪੰਡਿਤ

੩. ਉੱਤਮ, ਸ੍ਰੇਸ਼ਟ "ਅਮ੍ਰਿਤ ਦ੍ਰਿਸਟਿ ਪੇਖੈ ਹੁਇ ਸੰਤ" (ਸੁਖਮਨੀ)

੪. ਸੰਗਯਾ—ਗੁਰੂ ਨਾਨਕ ਦੇਵ ਦਾ ਸਿੱਖ ।
ਸੰਤ ਸੰਗਿ ਹਰਿ ਮਨਿ ਵਸੈ । (ਰਾਉ ਮ: ੫)

੫. ਸਨਤ ਕੁਮਾਰ ਦਾ ਸੰਖੇਪ ਭੀ ਸੰਤ ਸ਼ਬਦ ਆਇਆ ਹੈ । ਦੇਖੋ ਪਰਾਰੀ : (ਮ: ਕੋਸ਼ ਪੰਨਾ ੨੪੩)

**ਸਾਜਨ** ਅਥਵਾ ਸਾਜਨੁ, ਸੰਗਯਾ-ਸਨਜਨ, ਭਲਾ ਮਨੁੱਖ, ਸੱਜਨ ਮਿਤ੍ਰ, "ਸਾਜਨ ਦੇਖਾ ਤ ਗਲਿ ਮਿਲਾ," ਮਾਰੂ ਆ: ਮ: ।

੨. ਕਰਤਾਰ ਜੋ ਸਭ ਨਾਲ ਮਿਤ੍ਰ ਭਾਵ ਰਖਦਾ ਹੈ "ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ"
(ਸ੍ਰੀ ਅ: ਮ: ੧)

੩. ਸੁਜਨ "ਸਾਜਨੁ ਮੀਤੁ ਸਖਾ ਕਰਿ ਏਕੁ"
(ਗਉ ਮ: ੫)

੪. ਸਿਰਜ-ਰਚਨਾ : "ਸਰਵ ਜਗਤ ਕੇ ਸਾਜਨਹਾਰ
(ਮ: ਕੋਸ਼ ਪੰਨਾ ੧੯੦)

**ਫਿਰੰਗ** : ਅੰ: Frank ਯੂਰਪ ਦਾ ਦੇਸ਼ ਫਿਰੰਗਿਸਤਾਨ । "ਕੋਟ ਕੋ ਕੂਦ ਸਮੁਦ੍ਰ ਕੋ ਫਾਂਸ ਫਿਰੰਗ ਮੋ ਆਨ ਪਰਯੋ ਅਭਿਮਾਨੀ"(ਚਰਿਤ੍ਰ ੧੨੫),ਫ਼੍ਰਾਂਕ ਨਾਮ ਦਾ ਇਕ ਜਰਮਨ ਜਥਾ ਸੀ, ਜੋ ਫ੍ਰਾਂਸ ਆਦਿ ਦੇਸ਼ਾਂ ਵਿਚ ਫੈਲ ਗਿਆ ਅਤੇ ਜਿਸ ਦਾ ਕਈ ਵਾਰ ਤੁਰਕਾਂ ਨਾਲ ਮੁਕਾਬਲਾ ਹੋਇਆ । ਸਭ ਤੋਂ ਪਹਿਲਾਂ ਤੁਰਕਾਂ ਨੇ ਯੂਰਪ ਨਿਵਾਸੀਆਂ ਨੂੰ 'ਫਿਰੰਗੀ' ਨਾਮ ਨਾਲ ਬੁਲਾਉਣਾ ਆਰੰਭਿਆ । ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਪੁਰਤਗਾਲੀ ਆਏ । ਉਨ੍ਹਾਂ ਨੂੰ ਫਿਰੰਗੀ ਸ਼ਬਦ ਤੋਂ ਪੁਕਾਰਿਆ ਗਿਆ, ਫੇਰ ਜੋ ਫਰਾਂਸ ਜਾਂ ਇੰਗਲੈਂਡ ਦਾ ਆਇਆ, ਸਭ ਫਿਰੰਗੀ ਸਬਦ ਦਾ ਵਾਚਯ ਹੋਇਆ ।

**ਫਿਰੰਗ ਤਾਲ** : ਯੱਕਾ ਤਾਲ ਫੌਜ ਅਗੇ ਬਾਜੇ ਦੇ ਤਾਲ ਤੋਂ ਹਿੰਦੁਸਤਾਨੀਆਂ ਨੇ ਨਾਮ ਫਿਰੰਗਤਾਲ ਥਾਪ ਲਿਆ । ਸਰਬਲੋਹ ਵਿਚ ਕਈ ਛੰਦਾਂ ਦੇ ਮੁੱਢ ਫਿਰੰਗਤਾਲ ਲਿਖਿਆ ਹੈ ।

**ਫਿਰੰਗਾਵਾਲੀ** : ਫਿਰੰਗ ਨਿਵਾਸੀ ; ਬੰਗ ਕੇ ਬੰਗਾਲੀ

**ਫਿਰੰਗੀ** : ਫਿਰਹੰਗ ਕੇ ਫਿਰੰਗਾਵਾਲੀ

ਮਹਾਨ ਕੋਸ਼ ਪੰਨਾ ੮੧੬

**ਗੁਰਮਤਾ** : ਸੰਗਯਾ-ਗੁਰੁਮਤ ਅਨੁਸਾਰ ਕੀਤਾ ਹੋਇਆ ਮੰਤ੍ਰ । ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ, ਜੋ ਗੁਰ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ 'ਗੁਰੁਮਤ' ਕਿਹਾ ਜਾਂਦਾ । ਜੋ ਗੁਰਮਤੇ ਦੇ ਵਿਰੁੱਧ ਕੋਈ ਕਰਮ ਕਰੇ ਉਹ ਤਨਖਾਹੀਆ ਹੁੰਦਾ ਸੀ । ਖਾਲਸੇ ਦੇ ਗੁਰੁਮਤੇ ਅਕਾਲ ਬੁੰਗੇ ਸਾਹਿਬ ਦੇ ਦੀਵਾਨ ਵਿਚ ਖਾਸ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ ਤਖਤ ਕੇਸਗੜ੍ਹ ਹੋਇਆ ਕਰਦੇ ਸਨ । ਗੁਰਮਤੇ ਲਈ ਜਾਤੀ ਵੈਰ ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿਚ ਬੈਠਿਆ ਕਰਦੇ ਸਨ ।

ਮਹਾਨ ਕੋਸ਼ ਪੰਨਾ ੪੨੦-੨੧

**ਸਿੰਘ ਸਾਹਿਬ** :—ਵਿ—ਸਿੰਘਾਂ ਦਾ ਸੁਆਮੀ

੨. ਸੰਗਯਾ—ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ

੩. ਪੁਰਾਣੇ ਜ਼ਮਾਨੇ ਵਿਚ ਇਹ ਪਦਵੀ ਖਾਲਸੇ ਦੇ ਜਥੇਦਾਰਾਂ ਨੂੰ ਭੀ ਦਿਤੀ ਜਾਂਦੀ ਸੀ, ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਿੰਘ ਸਾਹਿਬ ਪਦਵੀ ਹੈ । ਉਹ ਮਹਾਰਾਜਾ ਸ਼ਬਦ ਨਾਲੋਂ ਇਸ ਨੂੰ ਬਹੁਤ ਪਸੰਦ ਕਰਦੇ ਸਨ ।

੪. ਪੁਰਾਣੇ ਬਜ਼ੁਰਗ ਘਰਾਣਿਆਂ ਵਿਚ ਬਜ਼ੁਰਗਾਂ ਨੂੰ ਹੁਣ ਭੀ ਸਿੰਘ ਸਾਹਿਬ ਕਹਿੰਦੇ ਹਨ ।

ਮਹਾਨ ਕੋਸ਼—ਭਾਈ ਕਾਹਣ ਸਿੰਘ
ਪੰਨਾ—੧੯੩-੯੪

**ਅਕਾਲ ਚਲਾਣਾ** :—(ਸੰਗਯਾ ਬੇਮੌਕੇ ਮਰਨਾ, ਜਵਾਨੀ ਵਿਚ ਮਰਨਾ, ਮਰਨ ਦੇ ਕਾਲ ਤੋਂ ਪਹਿਲਾਂ ਦੇਹ ਤਿਆਗਣੀ)

ਮਹਾਨ ਕੋਸ਼—ਭਾਈ ਕਾਹਣ ਸਿੰਘ
ਪੰਨਾ—੩੬

**ਸਬਰੀ** :—ਸ਼ਵਰ ਗੋਤ ਦੀ ਇਕ ਇਸਤਰੀ ਜੋ ਪੰਪਾਸਰ ਦੇ ਕਿਨਾਰੇ ਰਹਿੰਦੀ ਸੀ । ਇਹ ਮਤੰਗ ਰਿਖੀ ਦੀ ਚੇਲੀ ਸੀ । ਰਾਮ ਚੰਦਰ ਜੀ ਵਣਵਾਸ ਸਮੇਂ ਇਸ ਦੇ ਆਸ਼ਰਮ ਪੁਰ ਠਹਿਰੇ ਅਤੇ ਬੇਰ ਆਦਿਕ ਫਲ ਖਾਕੇ ਬਹੁਤ ਪ੍ਰਸੰਨ ਹੋਏ । ਸ਼ਵਰੀ ਰਾਮ ਚੰਦਰ ਜੀ ਦੇ ਦੇਖਦੇ ਹੀ ਚਿਤਾ ਬਣਾਕੇ ਭਸਮ ਹੋ ਗਈ । ਇਸੇ ਦਾ ਨਾਓਂ ਭੀਲਣੀ ਪ੍ਰਸਿੱਧ ਹੈ ਜਿਸ ਦੇ ਜੂਠੇ ਬੇਰ ਖਾਣ ਦਾ ਕਈ ਕਵੀ ਜ਼ਿਕਰ ਕੀਤਾ ਕਰਦੇ ਹਨ ।

ਮਹਾਨ ਕੋਸ਼—ਭਾਈ ਕਾਹਨ ਸਿੰਘ
ਪੰਨਾ ੧੫੬ ×


Sri Satguru Jagjit Singh Ji eLibrary NamdhariElibrary@gmail.com

# ਤਕੀਏ ਦਾ ਪੀਰ

ਪਾਠਕ ਨੂੰ ਕੀਲ ਲੈਣ ਵਾਲੀ ਅਜੀਤ ਕੌਰ ਦੀ ਚਰਚਿਤ ਕਲਮ ਤੋਂ ਲਿਖੀ 'ਤਕੀਏ ਦਾ ਪੀਰ' ਪੁਸਤਕ ਪ੍ਰਕਾਸ਼ਤ ਹੋਈ ਹੈ। ਇੰਟਰਨੈਸ਼ਨਲ ਪਬਲੀਕੇਸ਼ਨਜ਼ ੧੬੬-ਡੀ. ਡੀ. ਏ. ਸੈਲਫ ਫਾਈਨਸਿੰਗ ਫਲੈਟਸ ਮਾਊਂਟ ਕੈਲਾਸ਼ ਨਵੀਂ ਦਿਲੀ ਤੋਂ ਪ੍ਰਕਾਸ਼ਤ ਇਹ ਪੁਸਤਕ, ਨਵਯੁਗ ਪਬਲਿਸ਼ਰਜ਼ ਦਿਲੀ ਤੋਂ ਅਸਾਂ ਪ੍ਰਾਪਤ ਕੀਤੀ ਸੀ। ਪੁਸਤਕ ਦੇ ਸਰਵਰਕ ਤੇ ਹੀ ਇਹ ਲਿਖਿਆ ਹੈ ਕਿ "ਇਹ ਮਹਿਜ ਰੇਖਾ-ਚਿਤਰਾਂ ਦਾ ਮਜਮੂਆ ਨਹੀਂ, ਇਹ ਸਿਜਦਾ ਹੈ ਉਹਨਾਂ ਛੋਟੇ ਛੋਟੇ ਰੱਬਾਂ ਦੇ ਦਰਾਂ 'ਤੇ ਜਿਹੜੇ ਇਸ ਆਪੋ ਧਾਮੀ ਤੇ ਖੁਦਗਰਜ਼ੀ ਵਿਚ ਫਸੀ ਦੁਨੀਆਂ ਵਿਚ ਸੂਹਜ ਸਿਰਜਦੇ ਹਨ...

ਪਰ ਇਹ ਕਾਦਰ ਦੁਨੀਆਂ ਦੇ ਦਾਤੇ ਹਨ। ਦੇਣਾ ਤੇ ਸਿਰਜਣਾ ਹੀ ਇਹਨਾਂ ਦਾ ਮੂਲ ਧਰਮ ਹੈ। ਇਹ ਧਰਤੀ ਦੇ ਧੌਲ ਹਨ। ਇਸ ਕਿਤਾਬ ਵਿਚ ਤੁਸੀਂ ਇਹਨਾਂ ਦੇ ਦਰਸ਼ਨ ਕਰੋਗੇ।"

ਇਹ ਪੜ੍ਹ ਕੇ ਪਾਠਕ ਇਸ ਪੁਸਤਕ ਤੇ ਕੀਮਤੀ ਮੋਟੇ ਕਾਗਜ਼ ਦੀ ਛੋਹ ਮਹਿਸੂਸ ਕਰਦਾ ਹੈ ਤਾਂ ਇਕ ਨਵੀਂ ਦੁਨੀਆਂ ਵਿਚ ਪਰਵੇਸ਼ ਕਰਦਾ ਹੈ। ਸਿਰਜਕਾਂ ਤੇ ਕਲਾਕਾਰਾਂ ਦੀ ਦੁਨੀਆਂ ਵਿਚ। ਅਜੀਤ ਕੌਰ ਦੀ ਕਲਮ ਦੀ ਲੀਕ ਤੇ ਤੁਰਦੇ ਤੁਸੀਂ 'ਵਡੇ ਲੋਕਾਂ' ਦੇ ਘਰਾਂ ਵਿਚ ਕਮਰਿਆਂ ਵਿਚ ਤੇ ਦਿਲਾਂ ਵਿਚ ਪੁਜਦੇ ਹੋ। ਇਵੇਂ ਮਹਿਸੂਸ ਕਰਦੇ ਹੋ ਜਿਵੇਂ ਤੁਸੀਂ ਇਹਨਾਂ ਦੀ ਸੰਗਤ ਮਾਣ ਰਹੇ ਹੋ। ਅਜ ਦੇ ਯੁਗ ਦੀਆਂ ਜਿਹੜੀਆਂ ਮਹਾਨ ਹਸਤੀਆਂ ਦੀ ਤੁਸੀਂ ਸੰਗਤ ਮਾਣਦੇ ਹੋ ਉਹ ਹਨ 'ਭੋਲਾ ਬਾਸ਼ਾਹ' ਅਜ ਦਾ ਇਕ ਹੋਰ ਧੜਲੇਦਾਰ ਕਲਮਕਾਰ ਸ: ਖੁਸ਼ਵੰਤ ਸਿੰਘ; 'ਸਫੈਦ ਮੀਨਾਰ ਦਾ ਗੁਲਾਬੀ ਗੁੰਬਦ" ਪੰਜਾਬੀ ਦਾ ਚੋਟੀ ਦਾ ਕਹਾਣੀਕਾਰ ਸ: ਕਰਤਾਰ ਸਿੰਘ ਦੁਗਲ। "ਗਲਾਂ ਦਾ ਜਾਦੂਗਰ" ਪੰਜਾਬੀ ਵਿਚ ਮਸਾਲੇਦਾਰ ਰੇਖਾ ਚਿਤਰਾਂ ਅਤੇ ਨਾਟਕਾਂ ਦਾਂ ਸੰਸਾਰ ਪ੍ਰਸਿਧ ਲੇਖਕ ਬਲਵੰਤ ਗਾਰਗੀ; "ਨਿਕੀ ਕਹਾਣੀ ਦਾ ਬਾਦਸ਼ਾਹ" ਸਾਥੋਂ ਥੋਹੜਾ ਚਿਰ ਹੋਇਆ ਵਿਛੜਿਆ ਪਿਆਰਾ ਕਹਾਣੀ-ਕਾਰ ਸ: ਕੁਲਵੰਤ ਸਿੰਘ ਵਿਰਕ; "ਝਨਾਂ ਦੀ ਜਾਈ" ਪ੍ਰਸਿਧ ਲੇਖਕਾ ਕ੍ਰਿਸ਼ਨਾ ਸੋਬਤੀ, "ਜੰਮੂ ਦੀ ਹਬਾ ਖਾਤੂਨ" ਡੋਗਰੀ ਦੀ ਪ੍ਰਸਿਧ ਕਵਿਤਰੀ ਸ੍ਰੀਮਤੀ ਪਦਮਾ ਸਚਦੇਵਾ; "ਨੀਲਾ ਘੁਮਿਆਰ" ਪਿਰਚ ਪਿਆਲੀਆਂ ਦਾ ਨਿਰਮਾਤਾ ਸ: ਗੁਰਚਰਨ ਸਿੰਘ ਅਤੇ ਅੰਤ ਵਿਚ "ਤਕੀਏ ਦਾ ਪੀਰ" ਭਾਪਾ ਪ੍ਰੀਤਮ ਸਿੰਘ ਪੰਜਾਬੀ ਦੀਆਂ ਖੂਬਸੂਰਤ ਪੁਸਤਕਾਂ ਦਾ ਛਾਪਕ ਅਤੇ ਪਰਮੁਖ ਮਾਸਕ ਪੱਤਰ ਆਰਸੀ ਦਾ ਸੰਪਾਦਕ। ਇਹਨਾਂ ਸੁਹਜ ਸਿਰਜਦੇ ਰੱਬਾਂ ਦੇ ਦਰਾਂ ਤੇ ਸਿਜਦਾ ਕਰਨ ਵਾਸਤੇ ਜੋ ਆਪਣੇ ਨਾਲ ਤੋਰੀ ਫਿਰਦੀ ਹੈ ਉਸ ਅਜੀਤ ਕੌਰ ਦਾ ਧਨਵਾਦ ਕਰਨਾ ਬਣਦਾ ਹੀ ਹੈ।

ਅਨੇਕਾਂ ਸਵਾਲ ਜਵਾਬ ਅਨੇਕਾ ਰਾਜ਼ ਕੁਝ ਨਿਜੀ ਕੁਝ ਸਾਂਝੇ, ਡੂੰਘੀਆਂ ਤੇ ਪੇਤਲੀਆਂ ਅਨੇਕਾਂ ਗਲਾਂ, ਕੁਝ ਮਸ਼ਕਰੀਆਂ ਕੁਝ ਸਿਜਦੇ ਕੁਝ ਅਕੀਦਤਾਂ ਕੁਝ ਮੁਲਾਂਕਣ ਕੁਝ ਫਤਵੇ ਅਤੇ ਅਕਸ ਬੜੇ ਸਹਿਜ ਭਾ ਹੀ ਬਹੁਤ ਸਰਲ ਤੇ ਮਿਠੀ ਸੰਕੋਚਵੇਂ ਵਿਸਥਾਰ ਵਾਰੀ ਸ਼ਬਦਾਂਵਲੀ ਵਿਚ ਲੇਖਕਾ ਪਰੋਸੀ ਜਾਂਦੀ ਹੈ। ਇਕ ਨਵੇਕਲਾ ਸਾਹਿਤ ਅਤੇ ਇਤਿਹਾਸ ਸਿਰਜਦੀ ਜਾਂਦੀ ਹੈ।

ਸਿਵਾਏ 'ਤਕੀਏ ਦਾ ਪੀਰ' ਦੇ ਬਾਕੀ ਰਚਨਾਵਾਂ ਆਰਸੀ ਵਿਚ ਛੱਪ ਚੁਕੀਆਂ ਹੋਣ ਦੇ ਬਾਵਜੂਦ ਵੀ ਅਪਣਾ ਸੁਆਦ ਅਤੇ ਉਤਸੁਕਤਾ ਕਾਇਮ ਰਖਦੀਆਂ ਹਨ।

"ਤਕੀਏ ਦਾ ਪੀਰ" ਵਿਚ ਉਹਨੇ ਅੱਜ ਦੇ ਪੰਜਾਬੀ ਜਗਤ ਦੇ ਸਭ ਤੋਂ ਵੱਡੇ ਸਮਰਥ ਪ੍ਰਕਾਸ਼ਕ ਅਤੇ ਅਨੇਕਾਂ ਇਨਾਮਾਂ ਦੇ ਜੇਤੂ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਦੇ ਜੀਵਨ ਤੋਂ ਪਰਦਾ ਚੁਕਿਆ ਹੈ। ਇਹ ਮਿਹਨਤ ਲਗਨ ਅਤੇ ਸਾਧਨਾਂ ਦੀ ਦਾਸਤਾਨ ਹੈ। ਸ: ਪ੍ਰੀਤਮ ਸਿੰਘ ਨਾਲ ਭਾਵੇਂ ਭਾਪਾ ਵਿਸ਼ੇਸ਼ਣ ਲਗ ਗਿਆ ਪਰ ਉਹ ਖਾਲਸ ਸਿਆਲਕੋਟੀਆ ਹੈ ਨਾਰੋਵਾਲ ਦੀ ਤਹਿਸੀਲ ਦੇ ਪਿੰਡ ਤਲਵੰਡੀ ਭਿੰਡਰਾਂ ਦਾ ਜਾਇਆ। ਅਲੜ ਜਵਾਨੀ ਵਿਚ ਉਹ ਨਾਮਧਾਰੀਆਂ ਵਾਲੀ ਸਿਧੀ ਪੱਗ ਬੰਨਦਾ ਸੀ ਗਲ ਵਿਚ ਚਿੱਟੀ ਮਾਲਾ ਅਤੇ ਲੰਬਾ ਕੁਰਤਾ। ਸੰਤ ਨਿਧਾਨ ਸਿੰਘ ਆਲਮ ਜਿਹੇ ਮਸ਼ਹੂਰ ਵਿਦਵਾਨਾਂ ਦੇ ਦੀਵਾਨਾਂ ਵਿਚ ਢੋਲਕੀ ਵੀ ਵਜਾਉਂਦਾ ਰਿਹਾ। ਮਗਰੋਂ ਜੀਵਨ ਵਿਚ ਕਈ ਪਰਿਵਰਤਨ ਆਏ ਕਈ ਪੜਾਅ ਲੰਘੇ। ਇਹ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਉਤੇ ਵੀ ਨਾਲੋ ਨਾਲ ਝਾਤੀ ਹੈ।

ਤਲਵੰਡੀ ਭਿੰਡਰਾਂ, ਖਾਨੇਵਾਲ, ਵਿਹਾੜੀ ਮੰਡੀ ਜ਼ਿਲਾ ਮੁਲਤਾਨ ਅਤੇ ਮੁੜ ਤਲਵੰਡੀ ਤੋਂ ਪ੍ਰੀਤਮ ਸਿੰਘ ਜੀ ਚਲਦੇ ਚਲਾਉਂਦੇ ਅੰਮ੍ਰਿਤਸਰ ਅਪੜਦੇ ਹਨ ਸ.ਸ. ਚਰਨ ਸਿੰਘ ਸ਼ਹੀਦ ਦੇ ਛਾਪੇਖਾਨੇ। ਓਥੋਂ ਵੱਖ ਵੱਖ ਛਾਪੇਖਾਨਿਆਂ ਰਾਹੀਂ ਲਾਹੌਰ, ਪ੍ਰੀਤ ਨਗਰ, ਦਿੱਲੀ ਹੁੰਦੇ ਹੋਏ, ਅਨੇਕਾਂ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨੂੰ ਆਪਣੀ ਹਥੀਂ ਟਾਈਪ ਵਿਚੋਂ ਲਘਾਉਂਦੇ ਅਨੇਕਾਂ ਰਾਜਸੀ, ਸਾਹਿਤਕ, ਸਮਾਜਕ ਤੇ ਸ਼ਖਸੀਅਤਾਂ ਦੇ ਨਾਲ ਨਾਲ ਤੁਰਦੇ ਕਦੀ ਪੰਜ ਰੁਪਿਆ ਇਕ ਪਾਠ ਦਾ ਮੋਖ ਲੈਂਦੇ ਕਦੇ ਅੱਠ ਰੁਪਏ ਮਹੀਨਾ ਤਨਖਾਹ ਲੈਂਦੇ, ਪੰਜਾਬੀ ਦੇ ਕਈ ਪ੍ਰਮੁਖ ਰਸਾਲੇ ਅਤੇ ਅਖਬਾਰਾਂ ਸਣੇ ਪ੍ਰੀਤਲੜੀ ਦੇ ਠੇਕੇ ਤੇ ਛਾਪਦੇ ਛਾਪਦੇ ਅੰਤ ਉਤੇ ਪੰਜਾਬੀ ਦੇ ਸਿਰਮੌਰ ਪ੍ਰਕਾਸ਼ਕ ਅਤੇ ਅਨੇਕਾਂ ਛਪਾਈ ਦੇ ਇਨਾਮ ਜਿੱਤਣ



Sri Satguru Jagjit Singh Ji eLibrary NamdhariElibrary@gmail.com

ਤਕ ਪੁਜਦੇ ਹਨ।

ਅਜੀਤ ਕੌਰ ਨੇ ਭਾਪਾ ਪ੍ਰੀਤਮ ਸਿੰਘ ਜਿਹੇ ਸਾਊ, ਸੁਸ਼ੀਲ ਅਤੇ ਪਾਵਨ ਪਵਿਤਰ ਸੰਤ ਬੰਦੇ ਨੂੰ ਹੌਲੀ ਹੌਲੀ ਕੁਰੇਦ ਕੁਰੇਦ ਕੇ ਬਹੁਤ ਦਿਲਚਸਪ ਗੱਲਾਂ ਸਾਂਝੀਆਂ ਕੀਤੀਆਂ ਹਨ। ਭਾਪਾ ਪ੍ਰੀਤਮ ਸਿੰਘ ਕੋਲ ਵੀ ਅਖੁਟ ਭੰਡਾਰ ਹੈ ਜਿੰਨਾ ਕੋਈ ਲੈ ਸਕੇ ਲੈ ਜਾਵੇ।

੧੯੭ ਪੰਨਿਆਂ ਦੀ ਪੁਸਤਕ ਵਿਚੋਂ ਪੜ੍ਹਣੀ ਨਹੀਂ ਛੱਡੀ ਜਾ ਸਕਦੀ। ਪੁਸਤਕ ਪੜ੍ਹਣ ਬਾਦ ਪਾਠਕ ਮਹਿਸੂਸ ਕਰਦਾ ਹੈ ਕਿ ਪੁਸਤਕ ਵਿਚਲੀਆਂ ਅੱਠ ਜਮਾਂ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਦਾ ਉਹ ਚਿਰਾਂ ਤੋਂ ਜ਼ਾਤੀ ਵਾਕਿਫ ਅਤੇ ਰਾਜ਼ਦਾਰ ਹੈ। ਇਹ ਪੁਸਤਕ ਪੰਜਾਬੀ ਸਾਹਿਤ ਵਿਚ ਨਿਗਰ ਵਾਧਾ ਹੈ।

੨੩ × ੩੬ / ੧੬ ਸਾਈਜ਼ ਵਿਚ ੧੯੬ ਸਫਿਆਂ ਦੀ ਸ਼ਾਹੀ ਠਾਠ ਵਾਲੀ ਪੁਸਤਕ ਦਾ ਮੂਲ ੬੦ ਰੁਪੈ ਹੈ ਤੇ ਨਵਯੁਗ ਪਬਲਿਸ਼ਰਜ਼ ਤੋਂ ਵੀ ਮਿਲਦੀ ਹੈ।

—ਜਗਦੀਸ਼ ਸਿੰਘ






# ਰੁਬਾਈਆਂ

—ਨਾਜ਼ਰ ਸਿੰਘ 'ਤਰਸ'

੧. ਜਿਸ ਦੇ ਦਿਲ ਵਿਚ ਦਰਦ ਨਹੀਂ ਹੈ।
ਗੈਰਤ ਦੀ ਹੱਥ ਕਰਦ ਨਹੀਂ ਹੈ।
ਪਲ ਵਿਚ ਜੰਮਦਾ ਪਲ ਵਿਚ ਮਰਦਾ,
ਬੁਜ਼ਦਿਲ ਹੈ ਉਹ ਮਰਦ ਨਹੀਂ ਹੈ।

੨. ਜ਼ਿੰਦਗੀ ਵਿਚ ਕੁਝ ਕਰਨਾ ਸਿੱਖੋ।
ਕੱਚਿਆਂ ਉਤੇ ਤਰਨਾ ਸਿੱਖੋ।
ਕਾਇਰਾਂ ਵਾਂਗੂ ਜੀਣ ਵਾਲਿਓ!
ਮਰਦਾਂ ਵਾਂਗੂ ਮਰਨਾ ਸਿੱਖੋ।

੩. ਜ਼ਿੰਦਗੀ ਇਕ ਜ਼ਿੰਦਗੀ ਦਾ ਨਾਮ ਹੈ।
ਜ਼ਿੰਦਗੀ ਬਿਨ ਜ਼ਿੰਦਗੀ ਨਾਕਾਮ ਹੈ।
ਜ਼ਿੰਦਗੀ ਹੈ ਜ਼ਿੰਦਗੀ ਲਈ ਜੂਝਣਾ।
ਜ਼ਿੰਦਗੀ ਸੰਘਰਸ਼ ਹੈ ਸੰਗਰਾਮ ਹੈ।

# ਵਰਿਆਮ ਨੂੰ ਸਹਿਯੋਗ

**ਸ: ਜੰਗ ਸਿੰਘ ਲਖਨਊ** ਵਾਲਿਆ ਅਪਣੇ ਸੁਰਗਵਾਸੀ ਪਿਤਾ ਸੰਤ ਹਰਨਾਮ ਸਿੰਘ ਕਾਮੌਕੇ ਵਾਲਿਆਂ ਦੀ ਬਰਸੀ ਮਨਾਉਂਦੇ ਹੋਏ ੧੩ ਅਪ੍ਰੈਲ ਵਿਸਾਖੀ ਵਾਲੇ ਦਿਨ ਨਾਮਧਾਰੀ ਧਰਮਸਾਲਾ ਲਖਨਊ ਵਿਖੇ ਸੰਤਾਂ ਨਮਿਤ ਇਕ ਪਾਠ ਦਾ ਭੋਗ ਪਵਾਇਆ ਅਤੇ ਲੰਗਰ ਕਰਵਾਇਆ। ਇਸ ਸਮੇਂ ੫੧/- ਰੁ: ਵਰਿਆਮ ਨੂੰ ਭੇਜੇ ਗਏ।

**ਸ: ਹਰਚਰਨ ਸਿੰਘ ਖੁਰਾਣਾ ਥਾਨੇ ਬੰਬਈ** ਵਾਲਿਆਂ ਦੀ ਲੜਕੀ ਸਤਵਿੰਦਰ ਕੌਰ ਉਮਰ ੧੪ ਸਾਲ, ੧੪ ਦਿਨ ਹਸਪਤਾਲ ਵਿਚ ਬੇਹੋਸ਼ ਰਹਿਣ ਉਪਰੰਤ **੧੬** ਮਈ ੧੯੮੮ ਨੂੰ ਚੜਾਈ ਕਰ ਗਈ। ਦੁਖਦਾਈ ਮੌਤ ਦਾ ਕਾਰਨ ਡਾਕਟਰੀ ਇਲਾਜ ਵਿਚ ਗਲਤ ਟੀਕੇ ਦੀ ਵਰਤੋਂ ਕਿਹਾ ਜਾਂਦਾ ਹੈ। ਬੀਬੀ ਨਮਿਤ ਪਾਠ ਦਾ ਭੋਗ ਪਾਇਆ ਗਿਆ। ਸੰਤ ਹਜ਼ੂਰ ਸਿੰਘ ਗੁਲਾਟੀ ਜੀ ਨੇ ਇਸ ਸਮੇਂ ਕੀਰਤਨ ਕੀਤਾ। ਵਰਿਆਮ ਵਾਸਤੇ ੩੦/- ਸਹਾਇਤਾ ਕਢੀ ਗਈ ਹੋਰ ਥਾਵਾਂ ਤੇ ਦੀ ਦਾਨ ਕੀਤਾ ਗਿਆ।

# ਪਿਆਰੇ ਪਾਠਕੋ

ਵਰਿਆਮ ਵਿਚ ਛਪਦੀ ਸਾਮਗਰੀ ਬਾਰੇ ਆਪਣੀ ਰਾਇ ਟਿਪਣੀ ਆਲੋਚਨਾ ਜਰੂਰ ਲਿਖ ਕੇ ਭੇਜੋ।

ਆਪਣੇ ਬਕਾਇਆ ਚੰਦੇ ਛੇਤੀ ਤੋਂ ਛੇਤੀ ਪਹੁੰਚਾਣ ਦੀ ਕਿਰਪਾ ਕਰੋ।

—ਮੈਨੇਜਰ




Sri Satguru Jagjit Singh Ji eLibrary NamdhariElibrary@gmail.com

੧੯

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
" : 2510345
Resi. : 213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji eLibrary NamdhariElibrary@gmail.com

Registered No. NW/JL—253 MONTHLY WARIAM JUNE 1988
Registered with the registerar of News Papers for India No. 26453/75


# 'POONAM'

PROUDLY PRODUCES

LIP-SMACKING
EPOCH-MAKING
MOUTH-WATERING

**Delightful Delectable Delicious**

# BISCUITS

ALRBADY INTRODUCED:

**Glucose, Roshni, Twinkle, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ
Monthly WABIAM, Ladowali Road, Jalandhar—144001.



Sri Satguru Jagjit Singh Ji eLibrary NamdhariElibrary@gmail.com